Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 17-01-2026 • Vol.44 No.03 • M. 90410-14575 • Page 16 E-mail : khetiduniyan1983@gmail.com

## ਪੰਜਾਬ ਵਿੱਚ ਜੰਗਲਾਤ ਰਕਬਾ 4 ਫੀਸਦੀ ਤੋਂ ਘੱਟ, ਹੁਣ ਹੋਰ ਕਿੰਨੇ ਦਰੱਖਤ ਵੱਢੋਗੇ : ਹਾਈ ਕੋਰਟ

ਪੰਜਾਬ ਵਿੱਚ ਹਰਿਆਲੀ ਅਤੇ ਜੰਗਲਾਤ ਰਕਬੇ ਦੀ ਘਾਟ ਨੂੰ ਸੰਜੀਦਗੀ ਨਾਲ ਲੈਂਦਿਆਂ, ਪੰਜਾਬ-ਹਰਿਆਣਾ ਹਾਈ ਕੋਰਟ ਨੇ ਬਿਨਾਂ ਅਦਾਲਤੀ ਮਨਜ਼ੂਰੀ ਤੋਂ ਦਰੱਖਤ ਵੱਢਣ 'ਤੇ ਰੋਕ ਹਟਾਉਣ ਦੀ ਪੰਜਾਬ ਸਰਕਾਰ ਤੇ ਐਨ. ਐਚ. ਏ. ਆਈ. ਦੀ ਮੰਗ 'ਤੇ ਨਰਾਜ਼ਗੀ ਜ਼ਾਹਰ ਕੀਤੀ ਹੈ।



ਹਾਈ ਕੋਰਟ ਨੇ ਕਿਹਾ ਹੈ ਕਿ ਪੰਜਾਬ ਵਿੱਚ ਜੰਗਲਾਤ ਦਾ ਰਕਬਾ ਚਾਰ ਫੀਸਦੀ ਤੋਂ ਵੀ ਘੱਟ ਹੈ, ਇਸ ਲਈ ਹੋਰ ਕਿੰਨੇ ਦਰੱਖਤਾਂ ਦੀ ਬਲੀ ਲਈ ਜਾਵੇਗੀ ? ਇਹ ਚਿੰਤਾਜਨਕ ਹੈ ਕਿ ਹਰਿਆਲੀ ਅਤੇ ਜੰਗਲਾਤ ਦੇ ਮਾਮਲੇ ਵਿੱਚ ਪੰਜਾਬ ਰਾਜਸਥਾਨ ਤੋਂ ਵੀ ਪਿੱਛੇ ਹੈ। ਹਾਲਾਂਕਿ, ਪੰਜਾਬ ਤੇ ਐਨ. ਐਚ. ਏ. ਆਈ. ਦੇ ਅਟਕੇ ਹੋਏ ਪ੍ਰੋਜੈਕਟਾਂ ਦੇ ਸੰਦਰਭ ਵਿੱਚ ਹਾਈ ਕੋਰਟ ਨੇ ਸਰੀਆਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਹੈ।

ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਖਲ ਕਰਦਿਆਂ, ਮੋਹਾਲੀ ਵਿੱਚ ਤਿੰਨ ਰਾਊਂਡ ਅਬਾਊਟ ਬਣਾਉਣ ਲਈ 251 ਦਰੱਖਤਾਂ ਦੇ ਵੱਢਾਂਗੇ ਦਾ ਮਾਮਲਾ ਚੁੱਕਿਆ ਗਿਆ। ਅਦਾਲਤ ਨੂੰ ਦੱਸਿਆ ਗਿਆ ਕਿ ਵੱਖ-ਵੱਖ ਪ੍ਰੋਜੈਕਟਾਂ ਲਈ ਦਰੱਖਤ ਵੱਢਣ ਦੀ ਆਗਿਆ ਦਿੱਤੀ ਜਾ ਰਹੀ ਹੈ, ਜਿਸ ਨਾਲ ਵੱਡਾ ਨੁਕਸਾਨ ਹੋ ਰਿਹਾ ਹੈ।

ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਦਰੱਖਤਾਂ ਨੂੰ ਵੱਢਣ ਦੇ ਬਦਲੇ 5 ਗੁਣਾ ਬੂਟੇ ਲਗਾਉਣ ਅਤੇ ਉਨ੍ਹਾਂ ਦੀ 5 ਸਾਲਾਂ ਤੱਕ ਦੇਖਭਾਲ ਕਰਨੀ ਪਵੇਗੀ। ਪਟੀਸ਼ਨਰ ਨੇ ਕਿਹਾ ਕਿ ਪੰਜਾਬ ਵਿੱਚ ਜੰਗਲਾਤ ਰਕਬਾ 3.67 ਫੀਸਦੀ ਏ, ਜੋ ਕਿ ਮੁਲਕ ਵਿੱਚ ਸਭ ਤੋਂ ਘੱਟ ਹੈ। ਰਾਜਸਥਾਨ ਵਿੱਚ ਇਹ ਅੰਕੜਾ 4.7 ਫੀਸਦੀ ਹੈ।

ਹਾਈ ਕੋਰਟ ਨੇ ਇਸ 'ਤੇ ਸਖਤ ਰੁਖ ਅਪਣਾਉਂਦਿਆਂ ਬਿਨਾਂ ਮਨਜ਼ੂਰੀ ਦਰੱਖਤ ਵੱਢਣ 'ਤੇ ਰੋਕ ਲਗਾ ਦਿੱਤੀ ਸੀ। ਐਨ. ਐਚ. ਏ. ਆਈ. ਪੰਜਾਬ ਸਰਕਾਰ ਨੇ ਹੁਕਮ ਵਿੱਚ ਸੋਧ ਦੀ ਮੰਗ ਕੀਤੀ ਸੀ।

ਸੁਣਵਾਈ ਦੌਰਾਨ ਐਨ. ਐਚ. ਏ. ਆਈ. ਨੇ ਕਿਹਾ ਕਿ ਦਰੱਖਤਾਂ ਦੀ ਕਟਾਈ ਲਈ ਸਾਰੇ ਪੱਧਰਾਂ 'ਤੇ ਆਗਿਆ ਲੈ ਲਈ ਗਈ ਹੈ ਅਤੇ ਉਨ੍ਹਾਂ ਦੇ ਪ੍ਰੋਜੈਕਟ ਮੁਲਕ ਪੱਧਰ ਦੀ ਅਹਿਮੀਅਤ ਵਾਲੇ ਹਨ। ਹਾਈ ਕੋਰਟ ਨੇ ਬੂਟੇ ਲਾਉਣ ਦੀਆਂ ਦਲੀਲਾਂ ਬਾਰੇ ਕਿਹਾ ਕਿ ਪੰਜਾਬ ਵਿੱਚ ਬੂਟੇ ਲਗਾਉਣ ਲਈ ਜੰਗਲਾਤ ਰਕਬਾ ਹੀ ਨਹੀਂ ਬਚਿਆ। ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜੰਗਲ (ਸਰਪ੍ਰਸਤੀ) ਨੋਟੀਫਿਕੇਸ਼ਨ, 1980 ਅਤੇ ਹੋਰ ਸਬੰਧਤ ਕਾਨੂੰਨਾਂ ਤਹਿਤ ਦਰੱਖਤ ਵੱਢਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਸੂਬਾ ਸਰਕਾਰ ਨੇ ਇਹ ਭਰੋਸਾ ਦਿੱਤਾ ਹੈ ਕਿ ਸਾਰੀਆਂ ਸਰਗਰਮੀਆਂ ਦੀ ਸਖਤ ਨਿਗਰਾਨੀ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਸੂਬੇ ਵਿੱਚ ਦਰੱਖਤ ਵੱਢੇ ਜਾਣ ਕਾਰਨ ਜਨਤਕ ਰੋਹ ਪ੍ਰਚੰਡ ਹੁੰਦਾ ਰਿਹਾ ਹੈ।

### ਮੌਜੂਦਾ ਹਾੜ੍ਹੀ ਸੀਜ਼ਨ ਵਿੱਚ

## ਕਣਕ ਹੇਠਲਾ ਰਕਬਾ 2 ਫੀਸਦੀ ਵਧ ਕੇ 334.17 ਲੱਖ ਹੈਕਟੇਅਰ ਹੋਇਆ : ਸਰਕਾਰ

ਚਾਲੂ ਹਾੜ੍ਹੀ ਦੇ ਸੀਜ਼ਨ ਵਿੱਚ 9 ਜਨਵਰੀ ਤੱਕ ਕਣਕ ਦਾ ਰਕਬਾ 2 ਫੀਸਦੀ ਵਧ ਕੇ 334.17 ਲੱਖ ਹੈਕਟੇਅਰ ਹੋ ਗਿਆ। ਸਰਕਾਰੀ ਅੰਕੜਿਆਂ ਵਿੱਚ ਇਹ ਜਾਣਕਾਰੀ ਦਿੱਤੀ ਗਈ। ਪਿਛਲੇ ਹਾੜ੍ਹੀ ਦੇ ਸੀਜ਼ਨ ਦੇ ਇਸੇ ਸਮੇਂ ਵਿੱਚ ਕਣਕ ਦਾ ਰਕਬਾ 328.04 ਲੱਖ ਹੈਕਟੇਅਰ ਸੀ।



ਹਾੜ੍ਹੀ ਦੀ ਇੱਕ ਮੁੱਖ ਫ਼ਸਲ ਕਣਕ ਦੀ ਬਿਜਾਈ ਆਮ ਤੌਰ 'ਤੇ ਅਕਤੂਬਰ ਤੋਂ ਸ਼ੁਰੂ ਹੁੰਦੀ ਹੈ। ਬਿਹਤਰ ਮੌਨਸੂਨੀ ਬਾਰਿਸ਼ ਅਤੇ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਵਿੱਚ ਵਾਧੇ ਨੂੰ ਦੇਖਦੇ ਹੋਏ ਕਿਸਾਨਾਂ ਨੇ ਬਿਜਾਈ ਦਾ ਰਕਬਾ ਵਧਾਇਆ ਹੈ। ਇੱਕ ਸਰਕਾਰੀ ਬਿਆਨ ਵਿੱਚ ਕੇਂਦਰੀ ਖੇਤੀਬਾੜੀ ਮੰਤਰਾਲਾ ਨੇ 9 ਜਨਵਰੀ, 2026 ਤੱਕ ਹਾੜ੍ਹੀ ਦੀਆਂ ਫ਼ਸਲਾਂ ਦੀ ਖੇਤੀ ਦੇ ਰਕਬੇ ਵਿੱਚ ਹੋਈ ਪ੍ਰਗਤੀ ਦੀ ਜਾਣਕਾਰੀ ਦਿੱਤੀ।

ਅੰਕੜਿਆਂ ਮੁਤਾਬਕ ਝੋਨੇ ਦਾ ਰਕਬਾ ਪਹਿਲਾਂ ਦੇ 19.49 ਲੱਖ ਹੈਕਟੇਅਰ ਤੋਂ ਵੱਧ ਕੇ 21.71 ਲੱਖ ਹੈਕਟੇਅਰ ਹੋ ਗਿਆ। ਦਾਲਾਂ ਦੀ ਬਿਜਾਈ ਦਾ ਰਕਬਾ ਪਹਿਲਾਂ ਦੇ 132.61 ਲੱਖ ਹੈਕਟੇਅਰ ਤੋਂ ਵੱਧ ਕੇ 136.36 ਲੱਖ ਹੈਕਟੇਅਰ ਹੋ ਗਿਆ, ਜਦੋਂਕਿ ਮੋਟੇ ਅਨਾਜ ਦਾ ਰਕਬਾ ਪਹਿਲਾਂ ਦੇ 53.17 ਲੱਖ ਹੈਕਟੇਅਰ ਤੋਂ ਵੱਧ ਕੇ 55.20 ਲੱਖ ਹੈਕਟੇਅਰ ਹੋ ਗਿਆ। ਤਿਲਹਨ ਖੇਤੀ ਦਾ ਰਕਬਾ ਪਹਿਲਾਂ ਦੇ 93.33 ਲੱਖ ਹੈਕਟੇਅਰ ਤੋਂ ਵੱਧ ਕੇ 96.86 ਲੱਖ ਹੈਕਟੇਅਰ ਹੋ ਗਿਆ। ਬਿਆਨ ਵਿੱਚ ਕਿਹਾ ਗਿਆ ਹੈ ਕਿ, "ਹਾੜ੍ਹੀ ਦੀ ਕੁੱਲ ਫ਼ਸਲ ਦਾ ਰਕਬਾ 644.29 ਲੱਖ ਹੈਕਟੇਅਰ ਤੱਕ ਪਹੁੰਚ ਗਿਆ ਹੈ, ਜੋ ਸੀਜ਼ਨ ਦੌਰਾਨ ਹੋਏ ਲਗਾਤਾਰ ਵਾਧੇ ਨੂੰ ਦਿਖਾਉਂਦਾ ਹੈ।" ਪਿਛਲੇ ਹਾੜ੍ਹੀ ਦੇ ਸੀਜ਼ਨ ਵਿੱਚ ਸਾਰੀਆਂ ਹਾੜ੍ਹੀ ਦੀਆਂ ਫ਼ਸਲਾਂ ਦਾ ਕੁੱਲ ਰਕਬਾ 626.64 ਲੱਖ ਹੈਕਟੇਅਰ ਸੀ।

## ਆਲੂਆਂ ਦੇ ਭਾਅ ਵਿੱਚ ਆਏ ਮੰਦੇ ਕਾਰਨ ਉਤਪਾਦਕ ਕਿਸਾਨ ਪ੍ਰੇਸ਼ਾਨ

### 142 ਰੁਪਏ ਕੁਇੰਟਲ ਪੁਟਾਈ, ਮੰਡੀ ਵਿੱਚ ਵਿਕ ਰਿਹਾ 400 ਰੁਪਏ ਕੁਇੰਟਲ

ਭਾਅ ਵਿੱਚ ਆਏ ਮੰਦੇ ਕਾਰਨ ਆਲੂ ਉਤਪਾਦਕ ਕਿਸਾਨ ਪ੍ਰੇਸ਼ਾਨ ਹਨ, ਕਿਉਂਕਿ ਇਸ ਭਾਅ ਨਾਲ ਕਿਸਾਨਾਂ ਦਾ ਫ਼ਸਲ 'ਤੇ ਕੀਤਾ ਹੋਇਆ ਖਰਚਾ ਵੀ ਪੂਰਾ ਨਹੀਂ ਹੋ ਰਿਹਾ। ਆਲੂਆਂ ਦੀ ਪੁਟਾਈ ਕਰ ਰਹੇ ਕਿਸਾਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਆਲੂ ਉਤਪਾਦਕਾਂ ਨੇ ਦੱਸਿਆ ਕਿ ਬਨੂੜ ਇਲਾਕੇ ਦੇ ਕਿਸਾਨ ਜ਼ਿਆਦਾਤਰ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ। ਪਹਿਲਾਂ ਆਲੂਆਂ ਦੀ ਲਵਾਈ ਸਮੇਂ ਕਿਸਾਨਾਂ ਵੱਲੋਂ ਡੀ. ਏ. ਪੀ. ਖਾਦ ਨਾ ਮਿਲਣ ਕਾਰਨ, ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਆਪਣੀ ਫ਼ਸਲ ਦੀ ਬਿਜਾਈ ਲਈ ਹਰਿਆਣਾ ਤੋਂ ਮਹਿੰਗੇ ਭਾਅ 'ਤੇ ਖਾਦ ਖਰੀਦਣੀ ਪਈ। ਹੁਣ ਜਦੋਂ ਅਗੇਤੇ ਆਲੂਆਂ ਦੀ ਪੁਟਾਈ ਦਾ ਕੰਮ ਸ਼ੁਰੂ ਹੋ ਗਿਆ ਹੈ, ਤਾਂ ਮੰਡੀ ਵਿੱਚ ਆਲੂਆਂ ਦੇ ਭਾਅ ਵਿੱਚ ਇਕਦਮ ਮੰਦਾ ਆ ਗਿਆ ਹੈ।

ਉਤਪਾਦਕ ਕਿਸਾਨਾਂ ਨੇ ਕਿਹਾ ਕਿ 142 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਲੇਬਰ ਆਲੂਆਂ ਦੀ ਪੁਟਾਈ ਦਾ ਕੰਮ ਕਰ ਰਹੀ ਹੈ, ਜਦੋਂ ਕਿ ਮਜ਼ਦੂਰਾਂ ਦੇ ਖਾਣ-ਪੀਣ ਦਾ ਖਰਚਾ ਅਲੱਗ ਤੋਂ ਹੈ। ਮੰਡੀ ਵਿੱਚ 400 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਆਲੂ ਵਿਕ ਰਹੇ ਹਨ, ਜਿਸ ਨਾਲ ਕਿਸਾਨਾਂ ਦਾ ਫ਼ਸਲ 'ਤੇ ਕੀਤਾ ਹੋਇਆ ਖਰਚਾ ਵੀ ਪੂਰਾ ਨਹੀਂ ਹੋ ਰਿਹਾ। ਕਿਸਾਨਾਂ ਨੇ ਸਬਜ਼ੀਆਂ ਦੇ ਸਮਰਥਨ ਭਾਅ ਦੀ ਮੰਗ ਕੀਤੀ ਤਾਂ ਜੋ ਕਿਸਾਨਾਂ ਨੂੰ ਨਿੱਤ ਹੋ ਰਹੇ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ।

ਕਿਸਾਨ ਆਗੂ ਜਗਜੀਤ ਸਿੰਘ ਜੱਗੀ ਕਰਾਲਾ, ਕਿਰਪਾਲ ਸਿੰਘ ਸਿਆਊ, ਤੇਜਿੰਦਰ ਸਿੰਘ ਪੂਨੀਆ, ਤਰਲੋਚਨ ਸਿੰਘ ਨਡਿਆਲੀ, ਗੁਰਪ੍ਰੀਤ ਸਿੰਘ ਸੇਖਣ ਮਾਜਰਾ, ਗੁਰਪ੍ਰੀਤ ਸਿੰਘ ਪਲਹੇੜੀ, ਗੁਰਵਿੰਦਰ ਸਿੰਘ ਸਿਆਊ ਆਦਿ ਨੇ ਕਿਹਾ ਕਿ ਆਲੂਆਂ ਦੇ ਭਾਅ ਵਿੱਚ ਆਏ ਮੰਦੇ ਕਾਰਨ ਕਿਸਾਨਾਂ ਦਾ ਖਰਚ ਵੀ ਪੂਰਾ ਨਹੀਂ ਹੋ ਰਿਹਾ, ਜਿਸ ਕਾਰਨ ਕਿਸਾਨ ਬਹੁਤ ਪ੍ਰੇਸ਼ਾਨ ਹਨ।

ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਤੋਂ ਸਾਰੀਆਂ ਫ਼ਸਲਾਂ 'ਤੇ ਸਮਰਥਨ ਮੁੱਲ ਤੈਅ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਨਾਲ ਜਿਥੇ ਕਿਸਾਨਾਂ ਨੂੰ ਫਾਇਦਾ ਹੋਵੇਗਾ, ਉਥੇ ਹੀ ਇਸ ਦਾ ਖਪਤਕਾਰਾਂ ਨੂੰ ਵੀ ਲਾਭ ਹੋਵੇਗਾ, ਕਿਉਂਕਿ ਮੰਡੀ ਵਿੱਚ 4 ਰੁਪਏ ਕਿਲੋ ਦੇ ਹਿਸਾਬ ਨਾਲ ਆਲੂ ਵਿਕ ਰਿਹਾ ਹੈ। ਜਦੋਂਕਿ ਸਬਜ਼ੀਆਂ ਵੇਚਣ ਵਾਲੇ ਇਹੀ ਆਲੂ 15 ਰੁਪਏ ਕਿਲੋ ਦੇ ਹਿਸਾਬ ਨਾਲ ਖਪਤਕਾਰਾਂ ਨੂੰ ਵੇਚ ਰਹੇ ਹਨ, ਜਿੱਥੇ ਖਪਤਕਾਰਾਂ ਦੀ ਲੁੱਟ ਹੋ ਰਹੀ ਹੈ। ਕਿਸਾਨ ਆਗੂਆਂ ਨੇ ਸੂਬਾ ਸਰਕਾਰ ਤੋਂ ਸਬਜ਼ੀਆਂ ਦੇ ਸਮਰਥਨ ਮੁੱਲ ਤੈਅ ਕਰਨ ਦੀ ਮੰਗ ਕੀਤੀ ਤਾਂ ਜੋ ਕਿਸਾਨਾਂ ਅਤੇ ਖਪਤਕਾਰਾਂ ਨੂੰ ਇਸ ਦਾ ਲਾਭ ਮਿਲ ਸਕੇ।

KSA BEW KSP

KS Group PUNJAB

www.ksagrotech.org

sales@ksagrotech.org

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

KSA Straw Reaper




KSA 756 XH

TOLL FREE NUMBER 1800-120-004455

www.ksagrotech.org

ਸਟਰਾ-ਰੀਪਰ ਬੁੱਕ ਕਰਵਾਓ

Contact No. +91 92170-70555 +91 92170-71755

ਕੇ.ਐਸ. ਐਗਰੋਟੈਕ ਪ੍ਰਾ.ਲਿ.

ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ, ਪੰਜਾਬ

**ਬਹਾਰ ਰੁੱਤ ਦਾ ਸਮਾਂ ਸੂਰਜਮੁਖੀ ਦੀ ਫ਼ਸਲ ਲਈ ਸਭ ਤੋਂ ਢੁੱਕਵਾਂ ਹੈ। ਇਸ ਰੁੱਤੇ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਬਣਾਉਣ ਲਈ ਫੁੱਲਾਂ 'ਤੇ ਆਵਾਜਾਈ ਵਧਾ ਦਿੰਦੀਆਂ ਹਨ...**



# ਸੂਰਜਮੁਖੀ ਦੀ ਲਾਹੇਵੰਦ ਕਾਸ਼ਤ

ਜਗਜੋਤ ਸਿੰਘ ਗਿੱਲ ਤੇ ਮਨਿੰਦਰ ਸਿੰਘ

ਪੰਜਾਬ ਵਿੱਚ ਸੂਰਜਮੁਖੀ ਦੀ ਕਾਸ਼ਤ ਤੇਲ ਬੀਜ ਫ਼ਸਲ ਵਜੋਂ ਕੀਤੀ ਜਾਂਦੀ ਹੈ, ਜਿਸ ਨਾਲ ਥੋੜ੍ਹੇ ਸਮੇਂ ਵਿੱਚ ਚੰਗਾ ਮੁਨਾਫਾ ਹੋ ਸਕਦਾ ਹੈ। ਸੂਰਜਮੁਖੀ ਬੀਜ ਵਿੱਚ ਲਗਭਗ 40 ਪ੍ਰਤੀਸ਼ਤ ਤੇਲ ਹੁੰਦਾ ਹੈ। ਇਹ ਤੇਲ ਵਿਟਾਮਿਨ ਏ, ਵਿਟਾਮਿਨ ਈ ਅਤੇ ਵਿਟਾਮਿਨ ਕੇ ਦਾ ਵੀ ਚੰਗਾ ਸੋਮਾ ਹੈ। ਇਸ ਦਾ ਤੇਲ ਦਿਲ ਦੇ ਮਰੀਜ਼ਾਂ ਲਈ ਬਹੁਤ ਵਧੀਆ ਹੈ, ਕਿਉਕਿ ਇਸ ਵਿੱਚ ਅਸੰਤ੍ਰਿਪਤ ਫੈਟੀ ਐਸਿਡ ਹੁੰਦਾ ਹੈ। ਸੂਰਜਮੁਖੀ ਦੇ ਬੀਜ ਦੀ ਬਾਹਰੀ ਪਰਤ ਨੂੰ ਪਸ਼ੂਆਂ ਦੀ ਫੀਡ ਵਿੱਚ ਰਫਏਜ ਵਜੋਂ ਵਰਤਿਆ ਜਾਂਦਾ ਹੈ।

ਬਹਾਰ ਰੁੱਤ ਦਾ ਸਮਾਂ ਸੂਰਜਮੁਖੀ ਦੀ ਫ਼ਸਲ ਦੀ ਕਾਸ਼ਤ ਲਈ ਸਭ ਤੋਂ ਢੁੱਕਵਾਂ ਹੈ। ਇਸ ਰੁੱਤ ਵਿੱਚ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਬਣਾਉਣ ਲਈ ਫੁੱਲਾਂ 'ਤੇ ਆਵਾਜਾਈ ਵਧਾ ਦਿੰਦੀਆਂ ਹਨ, ਜਿਸ ਨਾਲ ਸੂਰਜਮੁਖੀ ਦਾ ਵਧੇਰੇ ਬੀਜ ਬਣਨ ਵਿੱਚ ਸਹਾਇਤਾ ਮਿਲਦੀ ਹੈ। ਸੂਰਜਮੁਖੀ ਘੱਟ ਸਮੇਂ ਦੀ ਫ਼ਸਲ ਹੋਣ ਕਰਕੇ ਫ਼ਸਲ ਵਿਭਿੰਨਤਾ ਵਿੱਚ ਵੀ ਅਹਿਮ ਭੂਮਿਕਾ ਨਿਭਾ ਸਕਦੀ ਹੈ ਅਤੇ ਪੰਜਾਬ ਵਿੱਚ ਇਸ ਦੀ ਕਾਸ਼ਤ ਆਲੂ ਕਾਸ਼ਤ ਪੱਟੀ ਦੇ ਅਨੁਕੂਲ ਹੈ। ਸੂਰਜਮੁਖੀ ਦੀ ਕਾਸ਼ਤ ਲਈ ਦਰਮਿਆਨੀ ਕਿਸਮ ਦੀ ਜ਼ਮੀਨ ਢੁੱਕਵੀਂ ਹੈ।

**ਕਿਸਮਾਂ :**

**ਪੀ. ਐਸ. ਐਚ.-2080 :** ਇਹ ਦੋਗਲੀ ਕਿਸਮ ਹੈ, ਜੋ ਪੱਕਣ ਲਈ ਤਕਰੀਬਨ 97 ਦਿਨ ਲੈਂਦੀ ਹੈ। ਔਸਤ ਝਾੜ 9.8 ਕੁਇੰਟਲ ਪ੍ਰਤੀ ਏਕੜ ਹੈ।

**ਪੀ. ਐਸ. ਐਚ.-1962 :** ਇਹ 99 ਦਿਨਾਂ ਵਿੱਚ ਪੱਕਣ ਵਾਲੀ ਦੋਗਲੀ ਕਿਸਮ ਹੈ। ਇਸ ਦਾ ਔਸਤ ਝਾੜ 8.2 ਕੁਇੰਟਲ ਪ੍ਰਤੀ ਏਕੜ ਹੈ।

**ਡੀ. ਕੇ.-3849 :** ਇਹ ਦੋਗਲੀ ਕਿਸਮ ਹੈ, ਜੋ ਪੱਕਣ ਲਈ 102 ਦਿਨ ਲੈਂਦੀ ਹੈ। ਇਹ 8.4 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ।

**ਪੀ. ਐਸ. ਐਚ.-996 :** ਇਹ 96 ਦਿਨਾਂ ਵਿੱਚ ਪੱਕਣ ਵਾਲੀ ਦੋਗਲੀ ਕਿਸਮ ਹੈ। ਇਸ ਦਾ ਔਸਤ ਝਾੜ 7.8 ਕੁਇੰਟਲ ਪ੍ਰਤੀ ਏਕੜ ਹੈ।

**ਬਿਜਾਈ ਦਾ ਸਹੀ ਸਮਾਂ**

ਸੂਰਜਮੁਖੀ ਦੀ ਫ਼ਸਲ ਤੋਂ ਵੱਧ ਝਾੜ ਲੈਣ ਲਈ ਬਿਜਾਈ ਜਨਵਰੀ ਮਹੀਨੇ ਦੇ ਅਖੀਰ ਵਿੱਚ ਕਰਨੀ ਚਾਹੀਦੀ ਹੈ। ਫਰਵਰੀ ਦੇ ਸ਼ੁਰੂਆਤੀ ਹਫਤੇ ਵਿੱਚ ਬਿਜਾਈ ਲਈ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਪੀ. ਐਸ. ਐਚ.-2080, ਪੀ. ਐਸ. ਐਚ.-1962 ਅਤੇ ਪੀ. ਐਸ. ਐਚ.-996 ਨੂੰ ਚੁਣਨਾ ਚਾਹੀਦਾ ਹੈ। ਜ਼ਿਆਦਾ ਝਾੜ ਲੈਣ ਲਈ 2 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਣਾ ਚਾਹੀਦਾ ਹੈ।

**ਜੀਵਾਣੂੰ ਖਾਦ ਦਾ ਟੀਕਾ :** ਸੂਰਜਮੁਖੀ ਦੀ ਫ਼ਸਲ ਲਈ ਲੋੜੀਂਦਾ ਏਕੜ ਦੇ ਬੀਜ ਨੂੰ ਸਾਫ਼ ਫਰਸ਼/ਪੋਲੀਥੀਨ ਸ਼ੀਟ 'ਤੇ ਵਿਛਾ ਕੇ ਘੱਟੋ-ਘੱਟ ਸਾਫ਼ ਪਾਣੀ ਨਾਲ ਗਿੱਲਾ ਕਰੋ ਅਤੇ 250 ਗ੍ਰਾਮ ਜੀਵਾਣੂੰ ਖਾਦ ਬੇਸੀਲਸ ਓਰਿਅਸ ਐਸ. ਐਲ. ਈ.-1 ਅਤੇ ਸੂਡੋਮੋਨਾਸ ਪ੍ਰਟੀਡਾ ਐਸ. ਆਰ. ਬੀ.-1 ਨੂੰ ਬੀਜ ਨਾਲ ਰਲਾ ਕੇ ਛਾਵੇਂ ਸੁਕਾ ਲਉ ਅਤੇ ਜਿੰਨਾ ਛੇਤੀ ਹੋ ਸਕੇ ਬਿਜਾਈ ਕਰ ਲਉ। ਬੀਜ ਨੂੰ ਜੀਵਾਣੂੰ ਟੀਕਾ ਲਾਉਣ ਨਾਲ ਦਾਣਿਆਂ 'ਤੇ ਤੇਲ ਦੇ ਝਾੜ ਵਿੱਚ ਵਾਧਾ ਹੁੰਦਾ ਹੈ।

**ਬਿਜਾਈ ਦਾ ਢੰਗ**

ਸੂਰਜਮੁਖੀ ਨੂੰ 60 ਸੈਂਟੀਮੀਟਰ ਦੂਰੀ 'ਤੇ ਕਤਾਰਾਂ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ 30 ਸੈਂਟੀਮੀਟਰ ਰੱਖ ਕੇ 4-5 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ। ਵੱਧ ਝਾੜ ਲੈਣ ਲਈ ਬੀਜ ਨੂੰ ਪੂਰਬ-ਪੱਛਮ ਦਿਸ਼ਾ ਵਿੱਚ ਬਣਾਈਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਵੱਟ ਦੇ ਸਿਰੇ ਤੋਂ 6-8 ਸੈਂਟੀਮੀਟਰ ਹੇਠਾਂ ਬੀਜਣਾ ਚਾਹੀਦਾ ਹੈ।

**ਪਨੀਰੀ ਰਾਹੀਂ ਕਾਸ਼ਤ**

ਇੱਕ ਏਕੜ ਦੀ ਪਨੀਰੀ ਨੂੰ ਤਿਆਰ ਕਰਨ ਲਈ 30 ਵਰਗ ਮੀਟਰ ਜ਼ਮੀਨ ਕਾਫ਼ੀ ਹੈ। ਇਸ ਸਵਾ ਮਰਲੇ (30 ਵਰਗ ਮੀਟਰ) ਦੇ ਕਿਆਰੇ ਵਿੱਚ ਅੱਧਾ ਕਿਲੋ ਯੂਰੀਆ ਤੇ 1.5 ਕਿਲੋ ਸੁਪਰਫਾਸਫੇਟ ਰਲਾ ਦਿਉ। ਬਿਜਾਈ ਲਈ 1.5 ਕਿਲੋ ਬੀਜ ਨੂੰ ਬੀਜਣ ਤੋਂ ਬਾਅਦ ਗਲੀ-ਸੜੀ ਦੇਸੀ ਰੂੜੀ ਦੀ ਪਤਲੀ ਤਹਿ ਨਾਲ ਢੱਕ ਦੇਣਾ ਚਾਹੀਦਾ ਹੈ। ਹਲਕਾ ਪਾਣੀ ਦਿਉ ਅਤੇ ਪਨੀਰੀ ਵਾਲੇ ਕਿਆਰੇ ਨੂੰ ਪਾਰਦਰਸ਼ੀ ਪਲਾਸਟਿਕ ਦੀ ਚਾਦਰ ਨਾਲ ਢੱਕ ਦੇਣਾ ਚਾਹੀਦਾ ਹੈ। ਜਦੋਂ ਪੌਦੇ ਦੇ ਚਾਰ ਪੱਤੇ ਨਿਕਲ ਆਉਣ ਤਾਂ ਪਨੀਰੀ ਪੁੱਟਣ ਲਈ ਤਿਆਰ ਹੋ ਜਾਵੇਗੀ। ਸੂਰਜਮੁਖੀ ਨੂੰ 50 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਵੇਲੇ ਪਾਉ। ਤੋਰੀਆ ਤੋਂ ਬਾਅਦ ਬੀਜੀ ਸੂਰਜਮੁਖੀ ਦੀ ਫ਼ਸਲ ਨੂੰ 10 ਟਨ ਗਲੀ-ਸੜੀ ਰੂੜੀ ਪ੍ਰਤੀ ਏਕੜ ਜ਼ਰੂਰ ਪਾਉਣੀ ਚਾਹੀਦੀ ਹੈ।

ਜੇ ਸੂਰਜਮੁਖੀ ਦੀ ਕਾਸ਼ਤ ਆਲੂਆਂ ਦੀ ਫ਼ਸਲ ਤੋਂ ਬਾਅਦ ਕਰਨੀ ਹੋਵੇ, ਜਿਸ ਨੂੰ 20 ਟਨ ਰੂੜੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਈ ਹੋਵੇ ਤਾਂ ਫ਼ਸਲ ਨੂੰ 25 ਕਿਲੋ ਯੂਰੀਆ ਪ੍ਰਤੀ ਏਕੜ ਹੀ ਪਾਉਣਾ ਚਾਹੀਦਾ ਹੈ। ਸੂਰਜਮੁਖੀ ਦੀ ਫ਼ਸਲ ਨੂੰ 60-70 ਸੈਂਟੀਮੀਟਰ ਉੱਚੀ ਹੋਣ 'ਤੇ ਫੁੱਲ ਨਿਕਲਣ ਤੋਂ ਪਹਿਲਾਂ ਡਿੱਗਣ ਤੋਂ ਬਚਾਉਣ ਲਈ ਬੂਟਿਆਂ ਦੇ ਨਾਲ ਮਿੱਟੀ ਚੜ੍ਹਾਉਣੀ ਚਾਹੀਦੀ ਹੈ।

# ਕਿੰਨੂ ਦੀ ਸੁਚੱਜੀ ਕਾਂਟ-ਛਾਂਟ ਦੇ ਤਰੀਕੇ

ਸੁਭਾਸ਼ ਚੰਦਰ, ਸੰਦੀਪ ਰਹੇਜਾ ਅਤੇ ਅਨਿਲ ਸਾਂਗਵਾਨ, ਖੇਤਰੀ ਖੋਜ ਕੇਂਦਰ, ਅਬੋਹਰ



## ਕਾਂਟ-ਛਾਂਟ ਦੀ ਲੋੜ

ਕਿੰਨੂ ਤੋਂ ਸਾਲ ਦਰ ਸਾਲ ਚੰਗਾ ਝਾੜ ਅਤੇ ਗੁਣਵੱਤਾ ਵਾਲਾ ਫ਼ਲ ਲੈਣ ਲਈ ਕਾਂਟ-ਛਾਂਟ ਬਹੁਤ ਜ਼ਰੂਰੀ ਹੈ। ਕਿੰਨੂ ਵਿੱਚ ਦੋ ਮੁੱਖ ਫੁਟਾਰੇ ਬਹਾਰ (ਫਰਵਰੀ-ਮਾਰਚ) ਅਤੇ ਬਰਸਾਤੀ (ਜੁਲਾਈ-ਅਗਸਤ) ਰੁਤ ਵਿੱਚ ਆਉਂਦੇ ਹਨ। ਮੌਸਮ ਅਨੁਕੂਲ ਰਹਿਣ ਤੇ ਫੁਟਾਰਾ ਤਿੰਨ ਤੋਂ ਚਾਰ ਵਾਰ ਵੀ ਆ ਸਕਦਾ ਹੈ। ਕਾਂਟ-ਛਾਂਟ ਨਾ ਕਰਨ ਤੇ ਬੂਟੇ ਬਹੁਤ ਸੰਘਣੇ ਹੋ ਜਾਂਦੇ ਹਨ ਜਿਸ ਕਾਰਨ ਧੁੱਪ ਅਤੇ ਹਵਾ ਅੰਦਰ ਤੱਕ ਨਹੀਂ ਪਹੁੰਚ ਪਾਉਂਦੇ। ਇਸ ਕਾਰਨ ਬੂਟੇ ਦੀ ਅੰਦਰਲੀ ਛਤਰੀ ਵਿੱਚ ਫ਼ਲ ਨਹੀਂ ਲੱਗਦਾ। ਝਾੜ ਬਹੁਤ ਘੱਟ ਜਾਂਦਾ ਹੈ ਅਤੇ ਇਸ ਦੀ ਗੁਣਵੱਤਾ ਵੀ ਪ੍ਰਭਾਵਿਤ ਹੁੰਦੀ ਹੈ। ਛਤਰੀ ਦੇ ਬਾਹਰਲੇ ਫ਼ਲ ਹਨੇਰੀ ਝੱਖੜ ਅਤੇ ਗਰਮੀ ਨਾਲ ਨੁਕਸਾਨੇ ਜਾਂਦੇ ਹਨ। ਇਸ ਕਾਰਨ ਕਿੰਨੂ ਵਿੱਚ ਹਰ ਸਾਲ ਕਾਂਟ-ਛਾਂਟ ਦੀ ਲੋੜ ਪੈਂਦੀ ਹੈ। ਕਾਂਟ-ਛਾਂਟ ਨਾਲ ਕੀੜੇ ਅਤੇ ਬਿਮਾਰੀਆਂ ਦੇ ਵਾਧੇ ਤੇ ਵੀ ਠੱਲ ਪੈਂਦੀ ਹੈ।

## ਕਾਂਟ-ਛਾਂਟ ਦਾ ਸਹੀ ਸਮਾਂ

ਸਰਦੀ ਦਾ ਅੰਤ ਜਾਂ ਬਹਾਰ ਦੀ ਸ਼ੁਰੂਆਤ ਕਿੰਨੂ ਦੇ ਬੂਟਿਆਂ ਦੀ ਕਾਂਟ-ਛਾਂਟ ਕਰਨ ਦਾ ਸਭ ਤੋਂ ਢੁੱਕਵਾਂ ਸਮਾਂ ਹੈ। ਕਿੰਨੂ ਦੇ ਬੂਟਿਆਂ ਦੀ ਕਾਂਟ-ਛਾਂਟ ਤੇਜ਼ ਵਾਧੇ ਸਮੇਂ ਨਹੀਂ ਕਰਨੀ ਚਾਹੀਦੀ।

## ਕਾਂਟ-ਛਾਂਟ ਦਾ ਢੰਗ ਅਤੇ ਤਰੀਕਾ

1-2 ਸਾਲ ਦੇ ਛੋਟੇ ਬੂਟਿਆਂ ਵਿੱਚ ਜੜ-ਮੁੱਢ ਤੋਂ ਨਿਕਲਣ ਵਾਲੇ ਫੁਟਾਰੇ ਨੂੰ ਲਗਾਤਾਰ ਤੋੜਦੇ ਜਾਂ ਕੱਟਦੇ ਰਹੋ। 3-4 ਸਾਲ ਦੇ ਬੂਟਿਆਂ ਵਿੱਚ ਤਿਕੋਣੀਆਂ, ਸਿੱਧੀਆਂ, ਕੰਡੇਦਾਰ ਅਤੇ ਜ਼ਮੀਨ ਨੂੰ ਛੋਹੰਦੀਆਂ ਟਹਿਣੀਆਂ ਦੀ ਕਟਾਈ ਜ਼ਰੂਰ ਕਰ ਦੇਣੀ ਚਾਹੀਦੀ ਹੈ। ਕਈ ਬਾਗਬਾਨ ਕਿੰਨੂ ਦੀਆਂ ਬਹੁਤ ਜ਼ਿਆਦਾ ਟਹਿਣੀਆਂ (ਗੁੱਲੇ) ਕੱਟਦੇ ਹਨ ਪਰ ਇਸ ਦੇ ਨਾਲ ਬੂਟਿਆਂ ਦੀ ਬਣਾਈ ਹੋਈ ਸਿਹਤ ਵਿਗੜ ਜਾਂਦੀ ਹੈ ਤੇ ਬਹੁਤ ਸਾਰੇ ਗੁੱਲੇ ਬਣ ਜਾਂਦੇ ਹਨ। ਇਸ ਲਈ ਉਹੀ ਟਹਿਣੀ ਕੱਟੀ ਜਾਵੇ ਜੋ ਬੂਟੇ ਦੇ ਆਕਾਰ ਤੋਂ ਬਾਹਰ ਜਾਂਦੀ ਹੈ ਜਾਂ ਅਸਲੀ ਟਹਿਣੀਆਂ ਵਿੱਚੋਂ ਨਿਕਲ ਕੇ ਖੁਰਾਕ ਖਿੱਚਦੀ ਹੈ। ਪੰਜ ਸਾਲ ਦੇ ਬੂਟੇ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ ਅਤੇ ਜਿਸ ਵਿੱਚ ਹਰ ਸਾਲ ਵਾਧਾ ਹੁੰਦਾ ਰਹਿੰਦਾ ਹੈ। ਫ਼ਲ ਹਮੇਸ਼ਾ ਇੱਕ ਸਾਲਾ ਟਾਹਣੀਆਂ ਉੱਤੇ ਲੱਗਦਾ ਹੈ। ਇਸ ਕਾਰਨ 5-10 ਸਾਲ ਦੇ ਬੂਟਿਆਂ ਵਿੱਚੋਂ ਬਰੀਕ ਸੋਕ, ਬਿਮਾਰ ਟਹਿਣੀਆਂ ਅਤੇ ਬੇਲੋੜੀਆਂ ਟਹਿਣੀਆਂ ਹੀ ਕੱਟੋ। ਬਿਮਾਰ ਅਤੇ ਸੁੱਕੀਆਂ ਟਹਿਣੀਆਂ ਤੋਂ ਕੱਟਣ ਨਾਲ ਕੈਂਕਰ ਰੋਗ ਅਤੇ ਫ਼ਲ ਦੇ ਕੋਰੇ ਤੇ ਠੱਲ੍ਹ ਪੈਂਦੀ ਹੈ। 10 ਸਾਲ ਦੇ ਬੂਟਿਆਂ ਵਿੱਚ ਛਤਰੀ ਦਾ ਪੂਰਾ ਵਿਕਾਸ ਹੋ ਚੁੱਕਾ ਹੁੰਦਾ ਹੈ। ਇਨ੍ਹਾਂ ਬੂਟਿਆਂ ਵਿੱਚੋਂ 10-15% ਹੋਰ ਇੱਕ ਸਾਲਾ ਟਹਿਣੀਆਂ ਵੀ ਕੱਟੋ। ਇਸ ਦੇ ਨਾਲ ਬੂਟੇ ਦੀ ਛਤਰੀ ਅੰਦਰ ਹਵਾ, ਧੁੱਪ ਜਾਣ ਦਾ ਪ੍ਰਬੰਧ ਰਹਿੰਦਾ ਹੈ ਅਤੇ ਬੂਟੇ ਦੀ ਛਤਰੀ ਦੇ ਅੰਦਰ ਵਾਲੀਆਂ ਟਾਹਣੀਆਂ ਤੇ ਵੀ ਫ਼ਲ ਆਉਂਦਾ ਹੈ। 20-25 ਸਾਲ ਦੇ ਵੱਡੇ ਅਤੇ ਸੰਘਣੇ ਬਾਗਾਂ ਵਿੱਚ ਕੁਦਰਤੀ ਕਾਂਟ-ਛਾਂਟ ਤੋਂ ਇਲਾਵਾ ਧੁੱਪ ਵਾਲੇ ਪਾਸੇ ਤੋਂ 1-2 ਵੱਡੀਆਂ ਟਹਿਣੀਆਂ ਕੱਟ ਕੇ ਰੋਸ਼ਨਦਾਨ ਬਣਾਏ ਜਾ ਸਕਦੇ ਹਨ। ਵਧੇਰੇ ਸੰਘਣਤਾ ਵਾਲੇ (20'×10') ਬਾਗਾਂ ਵਿੱਚ ਕਟਾਈ ਦਾ ਪੱਧਰ ਜ਼ਿਆਦਾ ਰੱਖੋ। ਇਹਨਾਂ ਬਾਗਾਂ ਵਿੱਚ ਬੂਟੇ 10 ਸਾਲ ਤੋਂ ਬਾਅਦ ਆਪਸ ਵਿੱਚ ਮਿਲ ਜਾਂਦੇ ਹਨ ਜਿਸ ਕਾਰਨ ਕੀੜੇ ਅਤੇ ਬਿਮਾਰੀਆਂ ਦਾ ਵੀ ਵਾਧਾ ਹੁੰਦਾ ਹੈ। ਅਜਿਹੇ ਬਾਗਾਂ ਵਿੱਚੋਂ ਕੁਦਰਤੀ ਕਾਂਟ-ਛਾਂਟ ਤੋਂ ਇਲਾਵਾ ਬੂਟੇ ਫਸਵੀਆਂ ਟਹਿਣੀਆਂ ਦੀ ਛੰਗਾਈ 1-1.5 ਫੁੱਟ ਲੰਬਾਈ ਤੱਕ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਬੂਟੇ ਦੇ ਅੰਦਰ ਹਵਾ ਅਤੇ ਧੁੱਪ ਪਹੁੰਚ ਜਾਂਦੀ ਹੈ ਅਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਵੀ ਘੱਟਦਾ ਹੈ। ਪਰ ਇਸ ਵਿਧੀ ਦੇ ਨਾਲ ਕਟਾਈ ਤੋਂ ਅਗਲੇ ਸਾਲ ਕੱਟ ਵਾਲੇ ਹਰ ਸਿਰੇ ਤੋਂ ਬਹੁਤ ਜ਼ਿਆਦਾ ਟਹਿਣੀਆਂ ਨਿਕਲਦੀਆਂ ਹਨ ਜਿਹਨਾਂ ਵਿੱਚੋਂ, ਸਹੀ ਟਹਿਣੀ ਨੂੰ ਛੱਡ ਕੇ ਬਾਕੀ ਮੁੱਢੋਂ ਹੀ ਕੱਟ ਦੇਣੀਆਂ ਚਾਹੀਦੀਆਂ ਹਨ। ਕਈ ਵਾਰ ਇੱਕ ਸਾਲ ਵਿੱਚ ਬਹੁਤ ਜ਼ਿਆਦਾ ਫ਼ਲ ਲੱਗਦਾ ਹੈ ਜਿਸ ਕਾਰਨ ਅਗਲੇ ਸਾਲ ਘੱਟ ਝਾੜ ਰਹਿੰਦਾ ਹੈ। ਇਸ ਚੱਕਰ ਨੂੰ ਤੋੜਨ ਲਈ ਘੱਟ ਝਾੜ ਵਾਲੇ ਸਾਲ ਵਿੱਚ ਕਟਾਈ ਜ਼ਿਆਦਾ ਕੀਤੀ ਜਾਵੇ ਤਾਂ ਕੀ ਅਗਲੇ ਸਾਲ ਫ਼ਲ ਬਹੁਤ ਜ਼ਿਆਦਾ ਦੀ ਬਜਾਏ ਸੰਤੁਲਿਤ ਮਾਤਰਾ ਵਿੱਚ ਆਏ।

ਕਟਾਈ ਦੇ ਢੰਗ ਦੇ ਨਾਲ-ਨਾਲ, ਇਸ ਲਈ ਵਰਤੇ ਜਾਣ ਵਾਲੇ ਔਜ਼ਾਰਾਂ ਦੀ ਚੋਣ ਵੀ ਬਹੁਤ ਜ਼ਰੂਰੀ ਹੈ। ਇੱਕ ਇੰਚ ਤੱਕ ਦੀਆਂ ਮੋਟੀਆਂ ਟਹਿਣੀਆਂ ਛੋਟੀ ਕੈਂਚੀ ਰਾਹੀਂ, 1-2 ਇੰਚ ਮੋਟਾਈ ਦੀਆਂ ਟਹਿਣੀਆਂ ਹੈਂਡਲ ਵਾਲੀ ਵੱਡੀ ਕੈਂਚੀ ਰਾਹੀਂ ਅਤੇ ਇਸ ਤੋਂ ਵੱਧ ਮੋਟਾਈ ਦੀਆਂ ਟਹਿਣੀਆਂ ਆਰੀ ਰਾਹੀਂ ਕੱਟੀਆਂ ਜਾ ਸਕਦੀਆਂ ਹਨ। ਸੰਘਣੇ ਅਤੇ ਵੱਡੇ ਬਾਗਾਂ ਵਿੱਚ ਕਟਾਈ ਕਾਂਟ-ਛਾਂਟ ਮਸ਼ੀਨ ਰਾਹੀਂ ਵੀ ਕੀਤੀ ਜਾ ਸਕਦੀ ਹੈ।



ਝੋਨੇ ਦੀ ਪਰਾਲ ਦੇ ਪ੍ਰਬੰਧ ਨਾਲ

# ਕਣਕ ਦੇ ਖੇਤਾਂ ਵਿੱਚ ਚੂਹਿਆਂ ਦੀ ਰੋਕਥਾਮ

ਨੀਨਾ ਸਿੰਗਲਾ,
ਜ਼ੂਆਲੋਜੀ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋ. 93573-25446)

### ਰਵਾਇਤੀ ਤਰੀਕਿਆਂ ਰਾਹੀਂ

ਖੇਤਾਂ ਦੇ ਆਲੇ-ਦੁਆਲੇ ਪੱਕੀਆਂ, ਉੱਚੀਆਂ ਅਤੇ ਚੌੜੀਆਂ ਵੱਟਾਂ ਵਿੱਚ ਚੂਹੇ ਆਪਣੀਆਂ ਖੁੱਡਾਂ ਜ਼ਿਆਦਾ ਬਣਾਉਂਦੇ ਹਨ । ਇਸ ਲਈ ਇਨ੍ਹਾਂ ਦੀ ਉਚਾਈ ਤੇ ਚੌੜਾਈ ਘੱਟ ਰੱਖੋ । ਖੇਤਾਂ ਵਿੱਚ ਅਤੇ ਆਲੇ-ਦੁਆਲੇ ਵੱਟਾਂ ਉੱਪਰ ਘਾਹ-ਫੂਸ ਤੇ ਨਦੀਨ ਚੂਹਿਆਂ ਨੂੰ ਲੁੱਕਣ ਅਤੇ ਭੋਜਨ ਵਿੱਚ ਮਦਦ ਕਰਦੇ ਹਨ, ਇਸ ਲਈ ਇਨ੍ਹਾਂ ਨੂੰ ਸਮੇਂ-ਸਮੇਂ ਸਿਰ ਸਾਫ਼ ਕਰਦੇ ਰਹੋ । ਖੇਤਾਂ ਦੇ ਨਾਲ ਲੱਗਦੀ ਖਾਲੀ ਅਤੇ ਅਨਵਾਹੀ ਜ਼ਮੀਨ, ਸੜਕਾਂ, ਨਹਿਰਾਂ, ਰੇਲਵੇ ਲਾਇਨਾਂ, ਜੰਗਲਾਤ ਆਦਿ ਵਿੱਚ ਚੂਹਿਆਂ ਦੀ ਭਰਮਾਰ ਹੁੰਦੀ ਹੈ, ਇਸ ਲਈ ਇਨ੍ਹਾਂ ਜਗ੍ਹਾਂ ਤੇ ਵੀ ਚੂਹਿਆਂ ਦੀ ਰੋਕਥਾਮ ਕਰੋ ।

### ਕੁਦਰਤੀ ਦੁਸ਼ਮਣਾਂ ਦੀ ਸੁਰੱਖਿਆ ਰਾਹੀਂ

ਉੱਲੂ, ਇੱਲਾਂ, ਸੱਪ, ਗੋਹ, ਬਿਲੀਆਂ, ਨਿਉਲੇ ਆਦਿ ਚੂਹਿਆਂ ਦੇ ਕੁਦਰਤੀ ਦੁਸ਼ਮਣ ਹਨ ਅਤੇ ਚੂਹਿਆਂ ਦੀ ਜਨਸੰਖਿਆ ਤੇ ਕਾਬੂ ਪਾਉਣ ਲਈ ਸਹਾਈ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਨਾ ਮਾਰੋ ।

### ਚੂਹੇਮਾਰ ਜ਼ਹਿਰਾਂ ਰਾਹੀਂ

ਚੂਹਿਆਂ ਦਾ ਜ਼ਹਿਰੀਲੇ ਚੋਗ ਨੂੰ ਖਾਣਾ, ਚੋਗ ਵਿੱਚ ਵਰਤੇ ਗਏ ਦਾਨਿਆਂ ਦੇ ਸੁਆਦ ਅਤੇ ਮਹਿਕ ਉੱਪਰ ਨਿਰਭਰ ਕਰਦਾ ਹੈ । ਚੂਹਿਆਂ ਨੂੰ ਮਾਰਨ ਲਈ ਸਿਫ਼ਾਰਿਸ਼ ਕੀਤੀਆਂ ਚੂਹੇਮਾਰ ਜ਼ਹਿਰਾਂ ਦੇ ਚੋਗ ਦੇ ਵਧੇਰੇ ਅਸਰ ਲਈ ਹੇਠ ਦਿੱਤੇ ਢੰਗ ਅਪਣਾਓ :

(1) **2% ਜ਼ਿੰਕ ਫ਼ਾਸਫ਼ਾਈਡ ਵਾਲਾ ਚੋਗ** : ਇੱਕ ਕਿਲੋ ਕਣਕ ਦਾ ਦਰੜ ਜਾਂ ਜਵਾਰ, ਬਾਜਰਾ ਆਦਿ ਦੇ ਦਾਨਿਆਂ, 20 ਗ੍ਰਾਮ ਖਾਣ ਵਾਲਾ ਰਿਫਾਇੰਡ ਤੇਲ ਤੇ 20 ਗ੍ਰਾਮ ਪੀਸੀ ਖੰਡ ਦੇ ਮਿਸ਼ਰਣ ਵਿੱਚ 25 ਗ੍ਰਾਮ ਜ਼ਿੰਕ ਫ਼ਾਸਫ਼ਾਈਡ ਦਾ ਪਾਊਡਰ ਕਿਸੇ ਭਾਂਡੇ ਵਿੱਚ ਪਾ ਕੇ ਚੰਗੀ ਤਰ੍ਹਾਂ ਰਲਾਉ ।

(2) **0.005% ਬਰੋਮਾਡਾਈਲੋਨ ਵਾਲਾ ਚੋਗ** : ਇੱਕ ਕਿਲੋ ਕਣਕ ਦਾ ਦਰੜ ਜਾਂ ਜਵਾਰ, ਬਾਜਰਾ ਆਦਿ ਦੇ ਦਾਨਿਆਂ ਜਾਂ ਆਟੇ, 20 ਗ੍ਰਾਮ ਖਾਣ ਵਾਲਾ ਰਿਫਾਇੰਡ ਤੇਲ ਤੇ 20 ਗ੍ਰਾਮ ਪੀਸੀ ਖੰਡ ਦੇ ਮਿਸ਼ਰਣ ਵਿੱਚ 20 ਗ੍ਰਾਮ ਬਰੋਮਾਡਾਇਲੋਨ ਦਾ ਪਾਊਡਰ ਕਿਸੇ ਭਾਂਡੇ ਵਿੱਚ ਪਾ ਕੇ ਚੰਗੀ ਤਰ੍ਹਾਂ ਰਲਾਉ ।

ਕਣਕ ਦੀ ਫ਼ਸਲ ਦੀ ਬਿਜਾਈ ਤੋਂ ਬਾਅਦ ਨਵੰਬਰ-ਦਸੰਬਰ ਵਿੱਚ 10-15 ਦਿਨਾਂ ਦੇ ਵਕਫ਼ੇ ਤੇ ਦੋ ਵਾਰੀ ਖੁੱਡਾਂ ਵਿੱਚ ਜ਼ਿੰਕ ਫ਼ਾਸਫ਼ਾਈਡ ਦਵਾਈ ਦਾ ਚੋਗ 10 ਗ੍ਰਾਮ ਪ੍ਰਤੀ ਖੁੱਡ ਦੇ ਹਿਸਾਬ ਨਾਲ ਕਾਗਜ਼ ਦੀ ਢਿੱਲੀ ਪੁੜੀ ਵਿੱਚ ਪਾ ਕੇ 6 ਇੰਚ ਖੁੱਡ ਅੰਦਰ ਰੱਖੋ । ਵਧੇਰੇ ਅਸਰ ਲਈ ਇੱਕ ਦਿਨ ਪਹਿਲਾਂ ਸ਼ਾਮ ਨੂੰ ਸਾਰੀਆਂ ਖੁੱਡਾਂ ਦੇ ਮੂੰਹ ਬੰਦ ਕਰ ਦਿਉ ਅਤੇ ਅਗਲੇ ਦਿਨ ਤਾਜ਼ੀਆਂ ਖੁਲ੍ਹੀਆਂ ਖੁੱਡਾਂ ਵਿੱਚ ਜ਼ਹਿਰੀਲਾ ਚੋਗ ਰੱਖੋ ।

ਇਸ ਤੋਂ ਬਾਅਦ ਅੱਧ ਫ਼ਰਵਰੀ ਤੋਂ ਸ਼ੁਰੂ ਮਾਰਚ ਦੌਰਾਨ ਖੜ੍ਹੀ ਫ਼ਸਲ ਵਿੱਚ ਦੁਧੀਆ ਦਾਣੇ ਪੈਣ ਵੇਲੇ ਜ਼ਿੰਕ ਫ਼ਾਸਫ਼ਾਈਡ ਜਾਂ ਬਰੋਮਾਡਾਈਲੋਨ ਦਾ ਚੋਗ 400 ਗ੍ਰਾਮ ਪ੍ਰਤੀ ਏਕੜ 40 ਥਾਵਾਂ ਤੇ 10-10 ਗ੍ਰਾਮ ਹਰ ਇੱਕ ਥਾਂ ਉੱਤੇ ਕਾਗਜ਼ ਦੇ ਟੁਕੜਿਆਂ ਉੱਪਰ ਵੱਟਾਂ ਅਤੇ ਚੂਹਿਆਂ ਦੇ ਆਉਣ ਜਾਣ ਵਾਲੇ ਰਸਤਿਆਂ ਉੱਪਰ ਰੱਖੋ । ਖੇਤ ਵਿੱਚ ਜ਼ਹਿਰੀਲਾ ਚੋਗ ਰੱਖਣ ਤੋਂ 2-3 ਦਿਨਾਂ ਬਾਅਦ ਬਚਿਆ ਹੋਇਆ ਜ਼ਹਿਰੀਲਾ ਚੋਗ ਮਰੇ ਹੋਏ ਚੂਹੇ ਇਕੱਠੇ ਕਰਕੇ ਜ਼ਮੀਨ ਵਿੱਚ ਦਬਾ ਦਿਉ ।

**ਨੋਟ :** ਖੇਤਾਂ ਵਿੱਚ ਚੂਹੇਮਾਰ ਜ਼ਹਿਰਾਂ ਦੀ ਵਰਤੋਂ ਇੱਕ ਏਕੜ ਵਿੱਚ 10 ਤੋਂ ਵੱਧ ਖੁੱਡਾਂ ਹੋਣ ਤੇ ਕਰੋ ।



### ਪਿੰਡ ਪੱਧਰ ਤੇ ਚੂਹੇ ਮਾਰ ਮੁਹਿੰਮ

ਚੂਹਿਆਂ ਦੀ ਰੋਕਥਾਮ ਦੇ ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇ ਮਾਰ ਮੁਹਿੰਮ ਨੂੰ ਪਿੰਡ ਪੱਧਰ ਤੇ ਅਪਨਾਉਣਾ ਬਹੁਤ ਜ਼ਰੂਰੀ ਹੈ, ਜਿਸ ਵਿੱਚ ਇੱਕ ਪਿੰਡ ਦੇ ਸਾਰੇ ਖੇਤਾਂ, ਖਾਲੀ ਥਾਵਾਂ ਅਤੇ ਪੁਰਾਣੀਆਂ ਪੱਕੀਆਂ ਵੱਟਾਂ ਉੱਪਰ ਰਲ ਕੇ ਇੱਕੋ ਸਮੇਂ ਤੇ ਚੂਹੇਮਾਰ ਦਵਾਈ ਦਾ ਚੋਗ ਰੱਖ ਕੇ ਚੂਹਿਆਂ ਦਾ ਖਾਤਮਾ ਕਰੋ ।

# ਮਿਆਰੀ ਗੁੜ ਅਤੇ ਸ਼ੱਕਰ ਉਤਪਾਦਨ ਦਾ ਸਫ਼ਲ ਕਿਸਾਨ : ਸ. ਮਨਦੀਪ ਸਿੰਘ

ਜ਼ਿਲ੍ਹਾ ਹੁਸ਼ਿਆਰਪੁਰ ਦੇ ਕੁੱਝ ਅਗਾਂਹਵਧੂ ਕਿਸਾਨ ਮਿਆਰੀ ਗੁੜ ਅਤੇ ਸ਼ੱਕਰ ਬਣਾ ਕੇ ਵਧੀਆ ਮੁਨਾਫ਼ਾ ਕਮਾ ਰਹੇ ਹਨ, ਉਹਨਾਂ ਵਿੱਚੋਂ ਇੱਕ ਕਿਸਾਨ ਸ. ਮਨਦੀਪ ਸਿੰਘ ਹੈ, ਜੋ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਬਲਾਕ ਟਾਂਡਾ ਦੇ ਪਿੰਡ ਕੁਰਾਲਾ ਖੁਰਦ ਦਾ ਵਸਨੀਕ ਹੈ । ਸ. ਮਨਦੀਪ ਸਿੰਘ 10 ਏਕੜ ਰਕਬੇ ਤੇ ਗੰਨੇ ਦੀ ਸਫਲ ਕਾਸ਼ਤ ਕਰਦਾ ਹੈ । ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਲੱਗਭਗ 25,000 ਹੈਕਟੇਅਰ ਰਕਬੇ ਤੇ ਗੰਨੇ ਦੀ ਕਾਸ਼ਤ ਕੀਤੀ ਜਾਂਦੀ ਹੈ । ਇੱਕ ਉਤਪਾਦ ਪ੍ਰੋਗਰਾਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਨੂੰ 'ਗੁੜ ਸ਼ੱਕਰ' ਵਾਸਤੇ ਚੁਣਿਆ ਗਿਆ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਵੱਲੋਂ ਵਧੀਆ ਗੁੜ ਤੇ ਸ਼ੱਕਰ ਬਣਾਉਣ ਬਾਬਤ ਸਿਖਲਾਈਆਂ ਵੱਖ-ਵੱਖ ਕੇਂਦਰਾਂ ਵਿੱਚ ਆਯੋਜਿਤ ਕੀਤੀਆਂ ਜਾ ਰਹੀਆਂ ਹਨ ।

**ਨਿੱਜੀ ਤਜ਼ਰਬੇ**

★ ਸ. ਮਨਦੀਪ ਸਿੰਘ ਦਾ ਮੰਨਣਾ ਹੈ ਕਿ ਰੱਸ ਕੱਢਣ ਸਮੇਂ ਰੋਲਰਾਂ ਵਿਚਕਾਰ ਵਿੱਥ, ਰੋਲਰਾਂ ਦਾ ਆਕਾਰ ਅਤੇ ਉਹਨਾਂ ਦੀ ਗਤੀ, ਰੋਲਰਾਂ ਤੇ ਖਰੀਆਂ ਆਦਿ ਦਾ ਧਿਆਨ ਰੱਖਣਾ ਚਾਹੀਦਾ ਹੈ । ਉਹਨਾਂ ਅਨੁਸਾਰ ਗੰਨੇ ਦੀਆਂ ਕਿਸਮਾਂ ਜਿਵੇਂ ਕਿ (ਸੀ ਓ ਪੀ ਬੀ 96, ਸੀ ਓ ਪੀ ਬੀ 92, ਸੀ ਓ 118, ਸੀ ਓ ਜੇ 64 ਅਤੇ ਸੀ ਓ ਜੇ 88) ਦਾ ਵਧੀਆ ਗੁੜ ਬਣਦਾ ਹੈ ।

★ ਗੁੜ ਬਣਾਉਣ ਲਈ ਇਹ ਕਿਸਾਨ ਜੰਗਲੀ ਭਿੰਡੀ ਦੀਆਂ ਜੜ੍ਹਾਂ ਅਤੇ ਤਣੇ ਅਤੇ ਮਿੱਠੇ ਸੋਡੇ ਦੀ ਵਰਤੋਂ ਕਰਦਾ ਹੈ । ਸ. ਮਨਦੀਪ ਸਿੰਘ ਅਨੁਸਾਰ ਮਿਆਰੀ ਗੁੜ ਅਤੇ ਸ਼ੱਕਰ ਦੇ ਉਤਪਾਦਨ ਲਈ ਕੱਚੇ ਗੰਨੇ ਦੀ ਅਗੇਤੀ ਪਿੜਾਈ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਗੰਨੇ ਤੋਂ ਮਿਆਰੀ ਗੁੜ ਅਤੇ ਸ਼ੱਕਰ ਤਿਆਰ ਕਰਕੇ ਇਹ ਕਿਸਾਨ ਆਪਣੀ ਉਪਜ ਦਾ ਮੰਡੀਕਰਨ ਕਰਕੇ ਆਮਦਨ ਵਿੱਚ ਵਾਧਾ ਕਰ ਰਿਹਾ ਹੈ ।

★ ਇਸ ਕਿਸਾਨ ਅਨੁਸਾਰ ਮਿਆਰੀ ਗੁੜ ਬਣਾਉਣ ਲਈ ਕਮਾਦ ਦੀ ਵਾਢੀ, ਕਮਾਦ ਦੇ ਪੂਰੇ ਪੱਕਣ ਤੇ ਹੀ ਕਰੋ ਅਤੇ ਗੰਨੇ ਦੀ ਕਟਾਈ ਤੋਂ 24 ਘੰਟਿਆਂ ਦੇ ਅੰਦਰ-ਅੰਦਰ ਗੁੜ ਬਣਾ ਲੈਣਾ ਚਾਹੀਦਾ ਹੈ, ਬਰਸਾਤਾਂ ਦੌਰਾਨ ਗੁੜ ਦੀ ਸੁਰੱਖਿਅਤ ਸੰਭਾਲ ਦੌਰਾਨ ਗੁੜ ਵਿੱਚ ਨਮੀ ਦੀ ਮਾਤਰਾ 5-7% ਦੇ ਵਿਚਕਾਰ ਹੋਣੀ ਚਾਹੀਦੀ ਹੈ, ਗੁੜ ਦੇ ਖਪਤਕਾਰਾਂ ਦੀ ਮੰਗ ਅਨੁਸਾਰ ਸਾਂਚੇ ਦੀ ਮੱਦਦ ਨਾਲ ਗੁੜ ਦੀਆਂ ਟੁਕੜੀਆਂ ਬਣਾਈਆਂ ਜਾ ਸਕਦੀਆਂ ਹਨ ਅਤੇ ਚੰਗਾ ਮੁਨਾਫਾ ਕਮਾਉਣ ਲਈ ਗੁੜ/ਸ਼ੱਕਰ ਦਾ ਸਵੈ ਮੰਡੀਕਰਨ ਕਰਨਾ ਚਾਹੀਦਾ ਹੈ ।


★ ਮਿਆਰੀ ਗੁੜ-ਸ਼ੱਕਰ ਉਤਪਾਦਨ ਲਈ ਗੰਨੇ ਦੀ ਫ਼ਸਲ ਦੀ ਕਾਸ਼ਤ ਬਾਰੇ ਸਿਫ਼ਾਰਿਸ਼ ਤਕਨੀਕਾਂ ਨੂੰ ਕਿਸਾਨਾਂ ਨੂੰ ਅਪਨਾਉਣਾ ਚਾਹੀਦਾ ਹੈ । ਵਧੀਆ ਗੁੜ ਤੇ ਸ਼ੱਕਰ ਬਣਾਉਣ ਸੰਬੰਧੀ ਵੱਖ-ਵੱਖ ਯੰਤਰਾਂ ਜਿਵੇਂ ਕਿ ਰਿਫ੍ਰੈਕਟੋਮੀਟਰ ਅਤੇ ਪੀ.ਐਚ. ਮੀਟਰ ਦੀ ਵਰਤੋਂ ਕਰਨੀ ਚਾਹੀਦੀ ਹੈ ।

★ ਸ. ਮਨਦੀਪ ਸਿੰਘ ਨੇ ਗੁੜ/ਸ਼ੱਕਰ ਬਣਾਉਣ ਦਾ ਆਧੁਨਿਕ ਯੂਨਿਟ (ਤਿੰਨ ਕੜਾਹੇ ਵਾਲੇ ਸਿਸਟਮ ਵਾਲਾ ਗੁੜ ਦਾ ਪਲਾਂਟ) ਲਗਾਇਆ ਹੋਇਆ ਹੈ ।

★ ਸਾਰੇ ਇਲਾਕੇ ਦੇ ਲੋਕ ਉਸ ਦੇ ਵਧੀਆ ਮਿਆਰ ਦੇ ਗੁੜ ਸ਼ੱਕਰ ਹੋਣ ਕਰਕੇ ਉਸ ਤੋਂ ਹੀ ਗੁੜ ਖਰੀਦਦੇ ਹਨ, ਜੋ ਕਿ ਸ. ਮਨਦੀਪ ਸਿੰਘ ਦੀ ਸਫ਼ਲਤਾ ਦੀ ਪ੍ਰਮੁੱਖ ਕੁੰਜੀ ਹੈ ।

★ ਕੁੱਝ ਨਵਾਂ ਸਿੱਖਣ ਦਾ ਚਾਹਵਾਨ ਇਹ ਕਿਸਾਨ, ਲਗਾਤਾਰ ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਦੇ ਸੰਪਰਕ ਵਿੱਚ ਰਿਹਾ ਹੈ ਅਤੇ ਵੱਖ-ਵੱਖ ਸਿਖਲਾਈ ਪ੍ਰੋਗਰਾਮ, ਜਾਗਰੂਕਤਾ ਕੈਂਪਾਂ ਅਤੇ ਹੋਰ ਪਸਾਰ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ ।

**ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ,**
**ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ (ਮੋ. 94647-64320)**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 03
ਮਿਤੀ 17-01-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਬਾਗਬਾਨੀ ਦੀ ਕਾਸ਼ਤ ਲਈ ਮਸ਼ੀਨਾਂ


ਮਹੇਸ਼ ਕੁਮਾਰ ਨਾਰੰਗ ਅਤੇ ਬਲਦੇਵ ਡੋਗਰਾ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 94173-83464)


ਪੰਜਾਬ ਵਿੱਚ ਬਾਗਬਾਨੀ ਦੇ ਕੰਮ ਵਿੱਚ ਸੁਧਾਰ ਲਿਆਉਣ ਅਤੇ ਸਖਤ ਮਿਹਨਤ ਘਟਾਉਣ ਲਈ ਬਾਗਾਂ ਦੇ ਮਸ਼ੀਨੀਕਰਨ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਬਾਗਾਂ ਦੇ ਮਸ਼ੀਨੀਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਕਸਿਤ ਅਤੇ ਪ੍ਰਚਲਿਤ ਕੀਤੀਆਂ ਜਾ ਰਹੀਆਂ ਮਸ਼ੀਨਾਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਹੈ :-

**ਲੇਜ਼ਰ ਕਰਾਹਾ :** ਲੇਜ਼ਰ ਕਰਾਹਾ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਹੈ, ਜਿਸ ਨਾਲ ਲੋੜੀਂਦੀ-ਢਲਾਣ ਮੁਤਾਬਿਕ ਖੇਤ ਨੂੰ ਪੱਧਰ



ਕੀਤਾ ਜਾ ਸਕਦਾ ਹੈ। ਇਸ ਨੂੰ 50 ਹਾਰਸ ਪਾਵਰ ਦੇ ਟਰੈਕਟਰ ਨਾਲ ਚਲਾਇਆ ਜਾਂਦਾ ਹੈ। ਬਿਲਕੁਲ ਪੱਧਰ ਹੋ ਜਾਣ ਕਾਰਨ ਖੇਤ ਵਿੱਚ ਵੱਟਾਂ ਦੀ ਗਿਣਤੀ ਘੱਟ ਜਾਂਦੀ ਹੈ। ਜਿਸ ਨਾਲ ਪੱਧਰੀ ਬਿਜਾਈ ਵਾਲੇ ਖੇਤਾਂ ਵਿੱਚ 2-3% ਅਤੇ ਵੱਟਾਂ ਤੇ ਬਿਜਲੀ ਵਾਲੇ ਖੇਤਾਂ ਵਿੱਚ 6-8% ਰਕਬਾ ਫ਼ਸਲ ਹੇਠ ਵੱਧ ਜਾਂਦਾ ਹੈ। ਇਸ ਤਕਨੀਕ ਨਾਲ 5-10 ਪ੍ਰਤੀਸ਼ਤ ਝਾੜ ਵਿੱਚ ਵਾਧਾ ਹੁੰਦਾ ਹੈ ਅਤੇ ਖਾਦਾਂ ਤੇ ਕੀਟ ਨਾਸ਼ਕਾਂ ਦੀ ਸੁਚੱਜੀ ਵਰਤੋਂ ਹੁੰਦੀ ਹੈ।

**ਸਬ-ਸੋਆਇਲਰ :** ਇਸ ਦੇ ਲਈ 45 ਹਾਰਸ ਪਾਵਰ ਤੋਂ ਵੱਧ ਦਾ ਟਰੈਕਟਰ ਲੋੜੀਂਦਾ ਹੈ। ਇਹ ਜ਼ਮੀਨ ਦੇ ਹੇਠਾਂ ਬਣੀ ਸਖ਼ਤ ਤਹਿ ਨੂੰ ਤੋੜਦਾ ਹੈ। ਇਹ 40 ਸੈਂਟੀਮੀਟਰ ਤੋਂ ਵੱਧ ਡੂੰਘਾਈ ਤੱਕ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਫ਼ਲਾਂ ਅਤੇ ਸਬਜ਼ੀਆਂ ਵਿੱਚ ਬਾਰਸ਼ ਦੇ ਵਾਧੂ ਪਾਣੀ ਦੀ ਜ਼ਮੀਨ ਦੇ ਹੇਠਾਂ ਵਧੀਆ ਨਿਕਾਸੀ ਹੋਵੇਗੀ।

**ਟਰੈਕਟਰ ਚਾਲਤ ਪੋਸਟ ਹੋਲ ਡਿੱਗਰ :** ਇਹ ਮਸ਼ੀਨ ਬਾਗਬਾਨੀ ਲਈ ਟੋਏ ਪੁੱਟਣ ਦਾ ਕੰਮ ਕਰਦੀ ਹੈ। ਟੋਏ ਦਾ ਘੇਰਾ 15 ਤੋਂ 75 ਸੈਂਟੀਮੀਟਰ ਅਤੇ ਡੂੰਘਾਈ 90 ਸੈਂਟੀਮੀਟਰ ਤੱਕ ਹੋ ਸਕਦੀ ਹੈ। ਇਹ ਮਸ਼ੀਨ ਟਰੈਕਟਰ ਦੀ ਪੀ.ਟੀ.ਓ. ਦੁਆਰਾ ਇੱਕ ਗੀਅਰ ਬਾਕਸ ਨਾਲ ਚੱਲਦੀ ਹੈ ਅਤੇ ਟਰੈਕਟਰ ਦੀਆਂ ਲਿੰਕਾਂ ਉੱਤੇ ਇਸਨੂੰ ਫਿੱਟ ਕੀਤਾ ਜਾਂਦਾ ਹੈ। ਆਮ ਹਾਲਤਾਂ ਵਿੱਚ ਇਹ ਮਸ਼ੀਨ ਇੱਕ ਘੰਟੇ ਵਿੱਚ 90 ਸੈਂਟੀਮੀਟਰ ਡੂੰਘਾਈ ਦੇ 60-70 ਟੋਏ ਪੁੱਟਦੀ ਹੈ।

**ਔਫਸੈੱਟ ਰੋਟਾਵੇਟਰ :** ਇਸ ਰੋਟਾਵੇਟਰ ਤੇ ਹਾਈਡਰੋਲਿਕ ਸਾਈਡ ਸ਼ਿਫਟ ਸਿਸਟਮ ਅਤੇ ਸੈਂਸਰ ਲੱਗਿਆ ਹੈ। ਇਹ ਸੈਂਸਰ ਦਰੱਖਤ/ਬੂਟੇ ਦੇ ਤਣੇ ਨਾਲ ਜਦੋਂ ਲੱਗਦਾ ਹੈ ਤਾਂ ਹਾਈਡਰੋਲਿਕ ਸਿਸਟਮ ਰੋਟਾਵੇਟਰ ਨੂੰ ਟਰੈਕਟਰ ਦੇ ਪਿੱਛੇ ਲਿਆਉਂਦਾ ਹੈ ਅਤੇ ਦਰੱਖਤ/ਬੂਟੇ ਲੰਘ ਜਾਣ ਤੋਂ ਬਾਅਦ ਫਿਰ ਆਪਣੇ-ਆਪ ਰੋਟਾਵੇਟਰ ਦਰੱਖਤ/ਬੂਟੇ ਦੀ ਕਤਾਰ ਵਿੱਚ ਵਾਹੀ ਦਾ ਕੰਮ ਸ਼ੁਰੂ ਕਰ ਦਿੰਦਾ ਹੈ। ਇਸ ਰੋਟਾਵੇਟਰ ਦੀ ਅਸਰਦਾਰ ਵਾਹੀ ਦੀ ਚੌੜਾਈ 178 ਸੈਂਟੀਮੀਟਰ ਹੈ।

**ਬੈੱਡ ਬਣਾਉਣ ਅਤੇ ਪਲਾਸਟਿਕ ਮਲਚ ਵਿਛਾਉਣ ਵਾਲੀ ਮਸ਼ੀਨ :** ਇਹ ਮਸ਼ੀਨ ਸਬਜ਼ੀਆਂ ਦੀ ਬਿਜਾਈ ਲਈ ਬੈੱਡ ਬਣਾਉਣ, ਡਰਿੱਪ ਪਾਈਪ ਪਾਉਣ, ਮਲਚ ਦੇ ਤੌਰ ਤੇ ਪਲਾਸਟਿਕ ਸ਼ੀਟ ਵਿਛਾਉਣ ਅਤੇ ਪਲਾਸਟਿਕ ਸ਼ੀਟ ਵਿੱਚ ਲੋੜੀਂਦੀ ਵਿੱਥ ਤੇ ਸੁਰਾਖ ਕੱਢਣ ਦੇ ਚਾਰ ਕੰਮ ਇੱਕੋ ਵਾਰ ਕਰਦੀ ਹੈ। ਇਸ ਮਸ਼ੀਨ ਨੂੰ ਚਲਾਉਣ ਲਈ 45-50 ਹਾਰਸ ਪਾਵਰ ਵਾਲੇ ਟਰੈਕਟਰ ਦੀ ਲੋੜ ਪੈਂਦੀ ਹੈ ਅਤੇ ਇਸ ਦੀ ਸਮੱਰਥਾ 0.60 ਏਕੜ ਪ੍ਰਤੀ ਘੰਟਾ ਹੈ।

**ਉਪ-ਸਤਹਿ ਤੇ ਡਰਿੱਪ ਪਾਇਪ ਵਿਛਾਉਣ ਦੀ ਮਸ਼ੀਨ :** ਇਹ ਮਸ਼ੀਨ ਜ਼ਮੀਨ ਹੇਠਾਂ ਡਰਿੱਪ ਪਾਇਪ ਨੂੰ 15-30 ਸੈਂਟੀਮੀਟਰ ਤੇ ਵਿਛਾਉਣ ਦੇ ਕੰਮ ਆਉਂਦੀ ਹੈ। ਇਸ ਮਸ਼ੀਨ ਲਈ 45 ਹਾਰਸ ਪਾਵਰ ਦਾ ਟਰੈਕਟਰ ਚਾਹੀਦਾ ਹੈ ਅਤੇ ਇਸ ਮਸ਼ੀਨ ਦੀ ਸਮਰੱਥਾ ਲਗਭਗ 0.2-0.28 ਏਕੜ ਪ੍ਰਤੀ ਘੰਟਾ ਹੈ।

**ਲਸਣ ਬੀਜਣ ਵਾਲੀ ਮਸ਼ੀਨ :** ਇਹ ਇੱਕ ਕਤਾਰ ਵਾਲੀ ਮਸ਼ੀਨ ਇੱਕ ਵੀਲ ਹੈਂਡ ਹੋ ਤੋਂ ਬਣੀ ਹੋਈ ਹੈ। ਜਿਸ ਉੱਤੇ ਲਸਣ ਦੀ ਬਿਜਾਈ ਦਾ ਸਿਸਟਮ ਲੱਗਾ ਹੁੰਦਾ ਹੈ। ਇਸ ਮਸ਼ੀਨ ਉੱਤੇ ਬੀਜ ਦੀ ਮਾਤਰਾ ਇੱਕਸਾਰ ਰੱਖਣ ਲਈ ਇੱਕ ਚਮਚੇ ਵਰਗੀ ਖੜ੍ਹਵੀਂ ਪਲੇਟ ਹੁੰਦੀ ਹੈ। ਬੀਜ ਵਾਲੇ ਬਕਸੇ ਦੀ ਸਮਰੱਥਾ 3 ਕਿਲੋ ਹੁੰਦੀ ਹੈ। ਇਸ ਮਸ਼ੀਨ ਨੂੰ ਦੋ ਆਦਮੀ ਚਲਾ ਸਕਦੇ ਹਨ। ਇੱਕ ਆਦਮੀ ਮਸ਼ੀਨ ਨੂੰ ਅੱਗੇ ਤੋਂ ਰੱਸੀ ਨਾਲ ਖਿੱਚਦਾ ਹੈ ਅਤੇ ਦੂਸਰਾ ਆਦਮੀ ਇਸ ਮਸ਼ੀਨ ਨੂੰ ਸਿੱਧਾ ਚਲਾਉਂਦਾ ਹੈ। ਕਤਾਰਾਂ ਦੀ ਡੂੰਘਾਈ ਅਤੇ ਫ਼ਾਸਲਾ ਘੱਟ-ਵੱਧ ਕੀਤਾ ਜਾ ਸਕਦਾ ਹੈ। ਇਸ ਮਸ਼ੀਨ ਵਿੱਚ ਵੱਖ-ਵੱਖ ਫ਼ਸਲਾਂ ਜਿਵੇਂ ਮਟਰ, ਮੂੰਗੀ ਅਤੇ ਮੱਕੀ ਆਦਿ ਬੀਜਣ ਲਈ ਵੱਖਰੀਆਂ-ਵੱਖਰੀਆਂ ਪਲੇਟਾਂ ਹਨ। ਤਿਆਰ ਕੀਤੇ ਖੇਤ ਵਿੱਚ ਬੀਜ ਦੀ ਡੂੰਘਾਈ ਇੱਕ ਇੰਚ ਤੱਕ ਕੀਤੀ ਜਾ ਸਕਦੀ ਹੈ। ਮਸ਼ੀਨ ਦਾ ਭਾਰ ਤਕਰੀਬਨ 12 ਕਿਲੋ ਹੈ ਅਤੇ ਆਸਾਨੀ ਨਾਲ ਚਲਾਈ ਜਾ ਸਕਦੀ ਹੈ। ਇਸ ਮਸ਼ੀਨ ਨਾਲ ਇੱਕ ਦਿਨ ਵਿੱਚ 0.5-0.75 ਏਕੜ ਰਕਬੇ ਤੇ ਬਿਜਾਈ ਹੋ ਸਕਦੀ ਹੈ। ਮਸ਼ੀਨ ਨਾਲ ਹੱਥੀਂ ਬਿਜਾਈ ਕਰਨ ਦੇ ਮੁਕਾਬਲੇ ਮਜ਼ਦੂਰੀ ਵਿੱਚ 80% ਅਤੇ ਲਾਗਤ ਵਿੱਚ 75% ਬੱਚਤ ਹੁੰਦੀ ਹੈ।

**ਗਾਜਰ ਬੀਜਣ ਵਾਲੀ ਮਸ਼ੀਨ :** ਇਹ ਟਰੈਕਟਰ ਨਾਲ ਚਲਣ ਵਾਲਾ ਪਲਾਂਟਰ, ਗਾਜਰ ਦੇ ਬੀਜਾਂ ਦੀ ਬੈੱਡਾਂ ਤੋਂ ਬਿਜਾਈ ਕਰਦਾ ਹੈ। ਇਹ ਬਿਜਾਈ ਲਈ ਮਸ਼ੀਨ ਇਨਕਲਾਈਂਡ ਪਲੇਟਾਂ ਵਿੱਚ ਬਣੇ ਸੁਰਾਖਾਂ ਦੀ ਮਦਦ ਨਾਲ ਬੀਜਾਂ ਨੂੰ ਲੈ ਕੇ ਅਗੇ ਬੀਜ ਟਿਊਬ ਵਿੱਚ ਸੁੱਟਦੀ ਹੈ। ਇਹ ਮਸ਼ੀਨ 67.5 ਸੈਂਟੀਮੀਟਰ ਦੀ ਚੌੜਾਈ ਵਾਲੇ ਤਿੰਨ ਬੈੱਡ ਇੱਕੋ ਸਮੇਂ ਤੇ ਬਣਾਉਂਦੀ ਹੈ। ਇਹ ਮਸ਼ੀਨ ਇੱਕ ਬੈੱਡ ਤੋਂ 4 ਕਤਾਰਾਂ ਜਿਹਨਾਂ ਵਿੱਚ ਫ਼ਾਸਲਾ 10 ਸੈਂਟੀਮੀਟਰ ਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 8 ਸੈਂਟੀਮੀਟਰ ਰੱਖਿਆ ਜਾਂਦਾ ਹੈ। ਹਰੇਕ ਕਤਾਰ ਦੇ ਪਿੱਛੇ ਇੱਕ ਫਲੈਟ ਪਲੇਟ ਲੱਗੀ ਹੈ ਜੋ ਕਿ ਬੀਜ ਨੂੰ ਮਿੱਟੀ ਨਾਲ ਢੱਕਣ ਦਾ ਕੰਮ ਕਰਦੀ ਹੈ। ਮਸ਼ੀਨ ਦੀ ਕੰਮ ਕਰਨ ਦੀ ਸਮਰੱਥਾ 1.0-1.5 ਏਕੜ ਪ੍ਰਤੀ ਘੰਟਾ ਹੈ। ਮਸ਼ੀਨ ਨਾਲ ਬਿਜਾਈ ਕਰਨ ਲਈ ਸਿਰਫ਼ 2.5-3.0 ਕਿਲੋ ਪ੍ਰਤੀ ਏਕੜ ਬੀਜ ਦੀ ਜ਼ਰੂਰਤ ਪੈਂਦੀ ਹੈ। ਮਸ਼ੀਨ ਨਾਲ ਲਾਈ ਗਈ ਫ਼ਸਲ ਦੀ ਉੱਗਣ ਸ਼ਕਤੀ ਵੀ ਪ੍ਰਚੱਲਿਤ ਵਿਧੀਆਂ ਦੇ ਮੁਕਾਬਲੇ ਵੱਧ ਅਤੇ ਇਕਸਾਰ ਹੁੰਦੀ ਹੈ।

**ਰੋਟਰੀ ਪਾਵਰ ਵੀਡਰ :** ਇਹ ਮਸ਼ੀਨ ਆਪੇ ਆਪ ਚਲਣ ਵਾਲੀ ਹੈ ਅਤੇ ਇਸ ਵਿੱਚ ਪੰਜ ਹਾਰਸ ਪਾਵਰ ਵਾਲਾ ਇੰਜਨ ਲੱਗਿਆ ਹੈ ਜਿਸ ਨਾਲ ਇਹ ਚਲਦੀ ਹੈ। ਇਹ ਮਸ਼ੀਨ ਬਾਗਾਂ ਵਿੱਚ ਅਤੇ ਜ਼ਿਆਦਾ ਦੂਰੀ ਵਾਲੀਆਂ ਫ਼ਸਲਾਂ ਵਿੱਚ ਗੋਡੀ ਕਰਨ ਲਈ ਵਰਤੀ ਜਾਂਦੀ ਹੈ। ਇਸ ਮਸ਼ੀਨ ਨੂੰ 1.5 ਤੋਂ 2.0 ਕਿਲੋਮੀਟਰ ਪ੍ਰਤੀ ਘੰਟੇ ਰਫਤਾਰ ਤੇ ਚਲਾਇਆ ਜਾਂਦਾ ਹੈ। ਇਹ 62.2 ਸੈਂਟੀਮੀਟਰ (ਦੋ ਵਾਰੀਆਂ ਵਿੱਚ) ਦੀ ਗੋਡੀ ਖੁੱਲ੍ਹੀਆਂ ਕਤਾਰਾਂ ਵਾਲੀਆਂ ਫ਼ਸਲਾਂ ਵਿੱਚ ਕਰਦੀ ਹੈ। ਇਹ 4-7 ਸੈਂਟੀਮੀਟਰ ਦੀ ਡੂੰਘਾਈ ਤੱਕ ਚਲਦੀ ਹੈ। ਇਹ ਨਦੀਨ ਬੂਟਿਆਂ ਨੂੰ 86% ਤੱਕ ਖਤਮ ਕਰ ਦਿੰਦੀ ਹੈ। ਇਸ ਮਸ਼ੀਨ ਦੀ ਸਮਰੱਥਾ 1.5-2.5 ਏਕੜ ਪ੍ਰਤੀ ਦਿਨ ਹੈ।



**ਬਾਗਾਂ ਲਈ ਸਪਰੇਅਰ :** ਇਸ ਸਪਰੇਅਰ ਨਾਲ ਸਮੇਂ, ਲੇਬਰ ਦੀ ਬੱਚਤ ਤੋਂ ਇਲਾਵਾ ਸਮੇਂ ਸਿਰ ਸਪਰੇਅ ਹੋ ਜਾਂਦੀ ਹੈ। ਇਸ ਸਪਰੇਅਰ ਵਿੱਚ ਇੱਕ ਬਲੋਅਰ ਹੈ ਅਤੇ ਉਸ ਦੇ ਆਲੇ-ਦੁਆਲੇ ਨੋਜ਼ਲਾਂ ਹੁੰਦੀਆਂ ਹਨ। ਇਹ ਬੂਟਿਆਂ ਦੀਆਂ ਲਾਈਨਾਂ ਵਿਚਕਾਰ ਹਵਾ ਦੇ ਪ੍ਰੈਸ਼ਰ ਨਾਲ ਕੀਟਨਾਸ਼ਕ ਦਵਾਈ ਦੇ ਸਪਰੇਅ ਨੂੰ ਦੋਨਾਂ ਪਾਸੇ ਖਿਲਾਰਦੀ ਹੈ। ਇਸ ਵਿੱਚ 1000 ਲੀਟਰ ਦਾ ਟੈਂਕ ਲੱਗਿਆ ਹੁੰਦਾ ਹੈ। ਇਸ ਸਪਰੇਅਰ ਨਾਲ 6 ਮੀਟਰ ਤੱਕ ਉਚਾਈ ਵਾਲੇ ਬੂਟਿਆਂ ਨੂੰ ਸਪਰੇਅ ਕੀਤਾ ਜਾ ਸਕਦਾ ਹੈ। ਇਸ ਸਪਰੇਅਰ ਦੀ ਸਮਰੱਥਾ ਲਗਭਗ 2-2.5 ਏਕੜ ਪ੍ਰਤੀ ਘੰਟਾ ਹੈ ਅਤੇ ਕਿਸਾਨ ਵੀਰ ਇਸ ਸਪਰੇਅਰ ਨੂੰ ਕਿਰਾਏ ਤੇ ਵੀ ਚਲਾ ਸਕਦੇ ਹਨ।

**ਪਿੱਕ ਪੁਜੀਸ਼ਨਰ :** ਟਰੈਕਟਰ ਚਾਲਤ ਪਿੱਕ ਪੁਜੀਸ਼ਨਰ ਦੀ ਵਰਤੋਂ ਬਾਗਾਂ ਵਿੱਚ ਫ਼ਲਾਂ ਦੀ ਤੁੜਾਈ ਅਤੇ ਦਰਖਤਾਂ ਦੀ ਕਾਂਟ-ਛਾਂਟ ਲਈ ਕੀਤੀ ਜਾਂਦੀ ਹੈ। ਇਹ ਇੱਕ ਲੋਹੇ ਦਾ ਬਣਿਆ ਪਲੇਟਫਾਰਮ (ਆਦਮੀ ਦੇ ਖੜ੍ਹੇ ਹੋਣ ਲਈ) ਹੈ ਜੋ ਕਿ ਹਾਈਡਰੋਲਿਕ ਲਿਫਟ ਦੁਆਰਾ 30-31 ਫੁੱਟ ਦੀ ਉੱਚਾਈ ਤੱਕ ਪੁਚਾਇਆ ਜਾ ਸਕਦਾ ਹੈ। ਇਸ ਨਾਲ ਦਰੱਖਤਾਂ ਦੀ ਕਾਂਟ-ਛਾਂਟ ਦੇ ਕੰਮ ਵਿੱਚ 90 ਪ੍ਰਤੀਸ਼ਤ ਅਤੇ ਫ਼ਲਾਂ ਦੀ ਤੁੜਾਈ ਦੇ ਕੰਮ ਵਿੱਚ 75% ਲੇਬਰ ਦੀ ਬੱਚਤ ਹੁੰਦੀ ਹੈ। ਇਸ ਨਾਲ ਲੇਬਰ ਦੀ 25% ਤੱਕ ਬੱਚਤ ਹੁੰਦੀ ਹੈ।

**ਜੜ੍ਹਦਾਰ ਸਬਜ਼ੀਆਂ ਪੁੱਟਣ ਵਾਲੀ ਮਸ਼ੀਨ :** ਇਸ ਮਸ਼ੀਨ ਦੀ ਵਰਤੋਂ ਜੜ੍ਹਦਾਰ ਸਬਜ਼ੀਆਂ ਜਿਵੇਂ ਕਿ ਗਾਜਰ, ਆਲੂ, ਲਸਣ ਅਤੇ ਪਿਆਜ਼ ਦੀ ਪੁਟਾਈ ਲਈ ਕੀਤੀ ਜਾ ਸਕਦੀ ਹੈ। ਇਸ ਮਸ਼ੀਨ ਦੀ ਸਮਰੱਥਾ 0.5 ਏਕੜ ਪ੍ਰਤੀ ਘੰਟਾ ਹੈ। ਪੁਟਾਈ ਦੀ ਕਾਰਜਕੁਸ਼ਲਤਾ 96-99% ਹੈ।

**ਪਰਾਲੀ ਸ਼ਰੈਡਰ-ਕਮ-ਮਲਚਰ ਮਸ਼ੀਨ :** ਇਸ ਮਸ਼ੀਨ ਨੂੰ 35 ਜਾਂ ਵੱਧ ਐਚ. ਪੀ. ਟਰੈਕਟਰ ਦੁਆਰਾ ਚਲਾਇਆ ਜਾਂਦਾ ਹੈ। ਮਸ਼ੀਨ ਦਾ ਮੁਲਾਂਕਣ ਲਸਣ ਦੀ ਫ਼ਸਲ ਤੇ 1.0 ਮੀਟਰ ਚੋਟੀ ਦੀ ਚੌੜਾਈ ਵਾਲੇ ਬੈੱਡਾਂ ਤੇ ਕੀਤਾ ਗਿਆ ਸੀ। ਮਸ਼ੀਨ ਦੀ ਔਸਤ ਸਮਰੱਥਾ 0.63 ਏਕੜ/ਘੰਟਾ ਹੈ। ਮਸ਼ੀਨ ਦੀ ਵਰਤੋਂ ਦੌਰਾਨ ਔਸਤ ਡੀਜਲ ਦੀ ਖਪਤ 4.61 ਲੀਟਰ ਸੀ। ਲਸਣ ਵਿੱਚ ਪਰਾਲੀ ਦੇ ਮਲਚ ਨੂੰ ਇਸ ਮਸ਼ੀਨ ਰਾਹੀਂ ਖਿੰਡਾਉਣ ਨਾਲ ਝਾੜ ਵਿੱਚ 9-10 ਪ੍ਰਤੀਸ਼ਤ ਵਾਧਾ ਹੁੰਦਾ ਹੈ। ਖੇਤਾਂ ਵਿੱਚ ਜਿੱਥੇ ਇਸ ਮਸ਼ੀਨ ਦੀ ਵਰਤੋਂ ਕੀਤੀ ਗਈ ਸੀ, ਉੱਥੇ ਨਦੀਨਾਂ ਦੀ ਗਿਣਤੀ ਤਿੰਨ ਤੋਂ ਚਾਰ ਗੁਣਾ ਘੱਟ ਸੀ।

**ਬੀਜ ਕੱਢਣ ਵਾਲੀ ਮਸ਼ੀਨ :** ਇਹ ਮਸ਼ੀਨ ਸਬਜ਼ੀਆਂ ਅਤੇ ਫ਼ਲਾਂ ਜਿਵੇਂ ਕਿ ਟਮਾਟਰ, ਮਿਰਚ, ਤਰਬੂਜ਼, ਖੀਰਾ, ਟਿੰਡਾ ਆਦਿ ਦੇ ਬੀਜ ਕੱਢਣ ਲਈ ਵਰਤੀ ਜਾਂਦੀ ਹੈ। ਇਸ ਵਿੱਚ ਇੱਕ ਮੁੱਢਲਾ ਕਟਾਈ ਵਾਲਾ ਚੈਂਬਰ ਹੈ ਜਿਸ ਵਿੱਚ ਸਬਜ਼ੀਆਂ ਅਤੇ ਫ਼ਲਾਂ ਦੀ ਛੋਟੇ ਟੁਕੜਿਆਂ ਵਿੱਚ ਕਟਾਈ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਇਹਨਾਂ ਨੂੰ ਫੇਰ ਇੱਕ ਰੋਟਰ ਤੇ ਲੱਗੇ ਬਲੇਡਾਂ ਨਾਲ ਵਰਤਿਆ ਜਾਂਦਾ ਹੈ। ਵੱਖ-ਵੱਖ ਸਾਈਜ਼ ਦੇ ਬੀਜਾਂ ਲਈ ਵੱਖਰੀਆਂ ਜਾਲੀਆਂ ਉਪਲੱਬਧ ਹਨ। ਬੀਜ ਕੱਢਣ ਵੇਲੇ ਖੁਲ੍ਹੇ ਪਾਣੀ ਦਾ ਪ੍ਰਬੰਧ ਕੀਤਾ ਹੋਣਾ ਚਾਹੀਦਾ ਹੈ।

# ਹਾੜ੍ਹੀ ਦੇ ਪਿਆਜ਼ ਦੀ ਸਫਲ ਕਾਸ਼ਤ ਕਿਵੇਂ ਕਰੀਏ?



ਜਿਫਨਵੀਰ ਸਿੰਘ ਖੋਸਾ
ਅਤੇ ਮੱਧੂ ਸ਼ਰਮਾ,
ਸਬਜ਼ੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 98154-30245)


ਪਿਆਜ਼ ਨੂੰ ਕਈ ਮੌਸਮਾਂ ਵਿੱਚ ਪੈਦਾ ਕੀਤਾ ਜਾ ਸਕਦਾ ਹੈ, ਪਰ ਅੱਤ ਦੀ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਸ਼ ਇਸ ਦੇ ਅਨੁਕੂਲ ਨਹੀਂ ਹੈ । ਲੰਮੇ ਸਮੇਂ ਲਈ ਜ਼ਿਆਦਾ ਠੰਢ ਪੈਣ ਨਾਲ ਪਿਆਜ਼ ਵਧੇਰੇ ਨਿਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ ।

**ਸੁਧਰੀਆਂ ਕਿਸਮਾਂ/ਦੋਗਲੀਆਂ ਕਿਸਮਾਂ ਦੀ ਚੋਣ** : ਇਹ ਸਲਾਹ ਦਿੱਤੀ ਜਾਂਦੀ ਹੈ ਕਿ ਕਿਸਾਨ ਵੀਰ ਹਮੇਸ਼ਾ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪਿਆਜ਼ ਦੀਆਂ ਸਿਫ਼ਾਰਿਸ਼ ਕੀਤੀਆਂ

| ਸੁਧਰੀਆਂ ਕਿਸਮਾਂ/ਦੋਗਲੀਆਂ ਕਿਸਮਾਂ ਦੀ ਚੋਣ ਹੇਠ ਲਿਖੇ ਅਨੁਸਾਰ ਹੈ :- | |
|---|---|
| ਕਿਸਮਾਂ/ਦੋਗਲੀਆਂ ਕਿਸਮਾਂ | ਪਿਆਜ ਦੇ ਮਾਪਦੰਡ |
| ਪੀ. ਓ. ਐਚ-1 | ਵੱਡੇ ਆਕਾਰ ਦੇ ਗੰਢੇ, ਗੋਲ ਅਤੇ ਹਲਕਾ ਲਾਲ ਰੰਗ, ਪਿਆਜ਼ ਘੱਟ ਨਿਸਰਦੇ ਹਨ, ਲੰਮੀ ਭੰਡਾਰਨ ਦੀ ਸਮਰੱਥਾ |
| ਪੀ. ਆਰ. ਓ-7 | ਦਰਮਿਆਨੇ ਕੱਦ ਦੇ, ਵੱਡੇ ਆਕਾਰ ਦੇ, ਗੋਲ, ਲਾਲ ਰੰਗ ਅਤੇ ਪਤਲੀ ਤੰਗ ਗਰਦਨ, ਪਿਆਜ਼ ਦੇ ਨਿਸਰਣ ਤੇ ਸਹਿਣਸ਼ੀਲਤਾ, ਚੰਗੀ ਰੱਖ-ਰਖਾਵ ਗੁਣਵੱਤਾ |
| ਪੀ. ਆਰ. ਓ-6 | ਦਰਮਿਆਨੇ ਤੋਂ ਵੱਡੇ ਅਕਾਰ ਦੇ ਗੂੜਾ ਲਾਲ ਰੰਗ ਪਤਲੀ ਰੰਗ ਗਰਦਨ, ਘੱਟ ਨਿਸਰਣਾ, ਚੰਗੀ ਰੱਖ-ਰਖਾਵ ਗੁਣਵੱਤਾ |
| ਪੰਜਾਬ ਨਰੋਆ | ਦਰਮਿਆਨੇ ਕੱਦ ਦੇ ਗੰਢ, ਦਰਮਿਆਨੇ ਮੋਟੇ ਅਤੇ ਲਾਲ |
| ਪੀ. ਵਾਈ. ਓ-1 | ਗੰਢੇ ਪੀਲੇ, ਦਰਮਿਆਨੇ ਤੋਂ ਵੱਡੇ ਅਕਾਰ ਦੇ ਗੋਲਾਕਾਰ ਅਤੇ ਤੰਗ ਗਰਦਨ, ਗੰਢੇ ਘੱਟ ਨਿਸਰਦੇ ਹਨ ਅਤੇ ਚੰਗੀ ਰੱਖ-ਰਖਾਵ ਗੁਣਵੱਤਾ |
| ਪੀ. ਡਬਲਯੂ. ਓ-2 | ਦਰਮਿਆਨੇ ਵੱਡਾ, ਚਿੱਟਾ, ਗੋਲ ਅਤੇ ਤੰਗ ਗਰਦਨ, ਗੰਢੇ ਘੱਟ ਨਿਸਰਦੇ ਹਨ, ਸਹਿਣਸ਼ੀਲਤਾ, ਚੰਗੀ ਰੱਖ-ਰਖਾਵ ਗੁਣਵੱਤਾ |

ਕਿਸਮਾਂ / ਦੋਗਲੀਆਂ ਕਿਸਮਾਂ ਦੀ ਬਿਜਾਈ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਕਰਨ ।

**ਖਾਦਾਂ ਦਾ ਤਰੀਕਾ** : ਜਦੋਂ ਖੇਤ ਦੀ ਤਿਆਰੀ ਪੂਰੀ ਹੋ ਜਾਂਦੀ ਹੈ ਅਤੇ ਬੂਟੇ 10-15 ਸੈਂਟੀਮੀਟਰ ਦੀ ਉਚਾਈ 'ਤੇ ਪਹੁੰਚ ਜਾਂਦੇ ਹਨ ਅਤੇ ਕਾਫ਼ੀ ਸਿਹਤਮੰਦ ਦਿਖਾਈ ਦਿੰਦੇ ਹਨ, ਤਾਂ ਇਨ੍ਹਾਂ ਨੂੰ 15 ਸੈਂਟੀਮੀਟਰ ਦੀ ਕਤਾਰ ਤੋਂ ਕਤਾਰ ਦੀ



ਦੂਰੀ ਅਤੇ ਪੌਦੇ ਤੋਂ ਪੈਦੇ ਦੀ ਦੂਰੀ 7.5 ਸੈਂਟੀਮੀਟਰ ਦੇ ਨਾਲ ਖੇਤ ਵਿੱਚ ਲਗਾਉਣਾ ਚਾਹੀਦਾ ਹੈ । ਖੇਤ ਦੀ ਤਿਆਰੀ ਲਈ ਅੱਗੇ ਵੱਧਣ ਤੋਂ ਪਹਿਲਾਂ ਮਿੱਟੀ ਦੀ ਜਾਂਚ ਦੀ ਜ਼ੋਰਦਾਰ ਸਿਫ਼ਾਰਿਸ਼ ਕੀਤੀ ਜਾਂਦੀ ਹੈ । ਪਿਆਜ਼ ਦੀ ਕਾਸ਼ਤ ਲਈ ਮਿੱਟੀ ਜੈਵਿਕ ਪਦਾਰਥਾਂ ਨਾਲ ਭਰਪੂਰ, ਬਿਮਾਰੀਆਂ, ਨਦੀਨਾਂ ਤੋਂ ਮੁਕਤ ਅਤੇ ਚੰਗੀ ਤਰ੍ਹਾਂ ਨਿਕਾਸ ਵਾਲੀ ਹੋਣੀ ਚਾਹੀਦੀ ਹੈ । ਖਾਰੀ ਅਤੇ ਨੀਵੀਆਂ ਜ਼ਮੀਨਾਂ ਪਿਆਜ਼ ਦੀ ਕਾਸ਼ਤ ਲਈ ਅਨੁਕੂਲ ਨਹੀਂ ਹਨ । ਬਿਹਤਰ ਨਤੀਜਿਆਂ ਲਈ ਮਿੱਟੀ ਦੀ ਪਰਖ ਦੇ ਆਧਾਰ 'ਤੇ ਖਾਦਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ । ਇਸ ਲਈ, ਪਿਆਜ਼ ਦੀ ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ 20 ਟਨ ਖਾਦ ਦੇ ਨਾਲ 45 ਕਿਲੋ ਯੂਰੀਆ, 125 ਕਿਲੋ ਸਿੰਗਲ ਸੁਪਰ ਫਾਸਫੇਸ (ਐਸ.ਐਸ.ਪੀ.) ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ (ਐਮ.ਓ.ਪੀ.) ਪ੍ਰਤੀ ਏਕੜ ਪਾਓ । ਪਿਆਜ਼ ਦੇ ਵਧੀਆ ਝਾੜ ਲਈ 4 ਕਿਲੋਗ੍ਰਾਮ ਕੰਸੋਰਟੀਅਮ ਪ੍ਰਤੀ ਏਕੜ ਦੀ ਵਰਤੋਂ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ । ਹੋਰ 45 ਕਿਲੋ ਯੂਰੀਆ ਪਨੀਰੀ ਖੇਤ ਵਿੱਚ ਲਾਉਣ ਤੋਂ 4-6 ਹਫ਼ਤਿਆਂ ਬਾਅਦ ਪਿਆਜ਼ ਦੀ ਫ਼ਸਲ ਵਿੱਚ ਪਾਉ ।

**ਨਦੀਨਾਂ ਦੀ ਰੋਕਥਾਮ** : ਹਾੜੀ ਦੇ ਪਿਆਜ਼ ਵਿੱਚ ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਦੀ ਲੋੜ ਹੁੰਦੀ ਹੈ । ਪਹਿਲੀ ਗੋਡੀ ਪਨੀਰੀ ਖੇਤ ਵਿੱਚ ਲਗਾਉਣ ਤੋਂ 3 ਹਫ਼ਤਿਆਂ ਬਾਅਦ ਕੀਤੀ ਜਾ ਸਕਦੀ ਹੈ ਜਾਂ ਇਸ ਤੋਂ ਇਲਾਵਾ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਗੰਢੀਆਂ ਦੀ ਪਨੀਰੀ ਤੋਂ 7 ਦਿਨਾਂ ਦੇ ਅੰਦਰ-ਅੰਦਰ ਛਿੜਕਾਅ ਕਰਨ ਨਾਲ ਅਤੇ 90-100 ਦਿਨਾਂ ਬਾਅਦ ਇੱਕ ਗੋਡੀ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

**ਪਿਆਜ਼ ਦੀ ਪੁਟਾਈ** : ਪਿਆਜ਼ ਦੀਆਂ ਭੂਕਾਂ ਸੁੱਕ ਕੇ ਡਿੱਗਣ ਤੇ ਪਿਆਜ਼ ਦੀ ਪੁਟਾਈ ਕਰੋ । ਪੁਟਾਈ ਕਰਨ ਤੋਂ ਬਾਅਦ 3-4 ਦਿਨ ਤੱਕ ਛਾਂ ਵਿੱਚ ਪਤਲੀਆਂ ਤਹਿਆਂ ਵਿੱਚ ਖਿਲਾਰ ਕੇ ਪਿਆਜ਼ ਨੂੰ ਪੱਕਣ ਦਿਉ । ਫਿਰ 1-2 ਸੈਂਟੀਮੀਟਰ ਭੂਕਾਂ ਰੱਖ ਕੇ ਕੱਟ ਦਿਉ । ਭੰਡਾਰ ਵਿੱਚ ਹਰ 15 ਦਿਨ ਬਾਅਦ ਪਿਆਜ਼ਾਂ ਨੂੰ ਹਿਲਾਉਂਦੇ ਰਹੋ ਅਤੇ ਇਸ ਵਿੱਚੋਂ ਕੱਟੇ ਹੋਏ ਅਤੇ ਗਲੇ ਹੋਏ ਪਿਆਜ਼ ਦੀ ਛਾਂਟੀ ਕਰਦੇ ਰਹੋ ।

| ਹਾੜੀ ਦੇ ਪਿਆਜ਼ ਦੀ ਫ਼ਸਲ ਵਿੱਚ ਧਿਆਨ ਰੱਖਣਯੋਗ ਗੱਲਾਂ | |
|---|---|
| ਕੀ ਕਰਨਾ ਚਾਹੀਦਾ ਹੈ | ਲਾਭ |
| ਸਹੀ ਉਮਰ ਦੇ ਬੂਟੇ ਦੀ ਚੋਣ<br>ਮੰਡੀ ਦੀਆਂ ਲੋੜਾਂ ਅਨੁਸਾਰ ਕਿਸਮਾਂ ਦੀ ਚੋਣ<br>ਬਿਹਤਰ ਪੋਸ਼ਣ ਪ੍ਰਦਾਨ ਕਰਨ ਲਈ ਮਿੱਟੀ ਦੀ ਲਾਜ਼ਮੀ ਜਾਂਚ<br>ਸਹੀ ਅਤੇ ਸਮੇਂ ਸਿਰ ਸਿੰਚਾਈ ਪ੍ਰਦਾਨ ਕਰਨੀ | ਗੰਢੇ ਘੱਟ ਨਿਸਰਦੇ ਹਨ ਅਤੇ ਵੱਧ ਸਮੇਂ ਲਈ ਭੰਡਾਰਨ<br>ਬਿਹਤਰ ਕੀਮਤਾਂ<br>ਗੰਢੇ ਦੇ ਬਹਿਤਰ ਆਕਾਰ ਅਤੇ ਪਿਆਜ਼ ਦੀ ਬਹਿਤਰ ਗੁਣਵੱਤਾ<br>ਬੂਟੇ ਦੀ ਬਹਿਤਰ ਸਥਾਪਨਾ ਅਤੇ ਭੰਡਾਰਨ (ਪਿਆਜ਼ ਦਾ) |
| ਕੀ ਨਹੀਂ ਕਰਨਾ ਚਾਹੀਦਾ | ਨੁਕਸਾਨ |
| ਮੱਧ-ਅਕਤੂਬਰ ਤੋਂ ਪਹਿਲਾਂ ਕਦੇ ਵੀ ਨਰਸਰੀ ਨਾ ਬੀਜੋ<br>ਮਿੱਟੀ ਦੀਆਂ ਵਿਸ਼ੇਸ਼ਤਾਵਾਂ ਦੀ ਜਾਂਚ ਕੀਤੇ ਬਿਨਾਂ ਪਨੀਰੀ ਨੂੰ ਲਗਾਉਣਾ<br>ਅਨਿਯਮਿਤ ਸਿੰਚਾਈ<br>ਨਦੀਨਾਂ ਦੇ ਇਤਿਹਾਸ ਵਾਲੇ ਖੇਤ ਵਿੱਚ ਪਿਆਜ਼ ਦੀ ਬਿਜਾਈ ਕਰਨਾ | ਗੰਢੇ ਵੱਧ ਨਿਸਰਦੇ ਹਨ ਅਤੇ ਘੱਟ ਭੰਡਾਰਨ ਸਮਰੱਥਾ<br>ਪਿਆਜ਼ ਦਾ ਮਾੜਾ ਆਕਾਰ ਅਤੇ ਗੁਣਵੱਤਾ<br><br>ਇਹ ਫ਼ਸਲ ਦੇ ਵਾਧੇ ਅਤੇ ਭੰਡਾਰਨ ਨੂੰ ਪ੍ਰਭਾਵਿਤ ਕਰਦਾ ਹੈ<br>ਨਦੀਨਾਂ ਨੂੰ ਖੇਤ ਵਿੱਚੋਂ ਹਟਾਉਣ-ਪੱਟਣ ਲਈ ਵਧੇਰੇ ਮਜ਼ਦੂਰਾਂ ਦੀ ਲਾਗਤ |

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

# ਗਾਜਰ ਦੇ ਹਨ ਅਨੇਕ ਲਾਭ



ਗਾਜਰ ਦੇ ਫਾਇਦਿਆਂ ਤੋਂ ਬਹੁਤ ਘੱਟ ਲੋਕ ਜਾਣੂ ਹੋਣਗੇ। ਬਾਜ਼ਾਰ ਵਿੱਚ ਕਈ ਰੰਗਾਂ ਦੀਆਂ ਗਾਜਰਾਂ ਮਿਲਦੀਆਂ ਹਨ। ਲਾਲ, ਨਾਰੰਗ ਅਤੇ ਕਾਲੇ ਰੰਗ ਦੀਆਂ ਗਾਜਰਾਂ ਦੀ ਵਰਤੋਂ ਅਸੀਂ ਵੱਖ-ਵੱਖ ਤਰ੍ਹਾਂ ਨਾਲ ਅਤੇ ਵੱਖ-ਵੱਖ ਰੂਪਾਂ ਵਿੱਚ ਕਰਦੇ ਹਾਂ। ਇਨ੍ਹਾਂ ਗਾਜਰਾਂ ਦਾ ਹਲਵਾ, ਜੂਸ, ਅਚਾਰ, ਸਬਜ਼ੀ ਅਤੇ ਕਈ ਹੋਰ ਤਰ੍ਹਾਂ ਨਾਲ ਵਰਤੋਂ ਅਸੀਂ ਕਰ ਸਕਦੇ ਹਾਂ।



ਬੱਚਿਆਂ ਲਈ ਗਾਜਰ ਖਾਣਾ ਬਹੁਤ ਫਾਇਦੇਮੰਦ ਹੁੰਦਾ ਹੈ। ਇਨ੍ਹਾਂ ਗਾਜਰਾਂ ਦਾ ਸੂਪ ਬਣਾ ਕੇ ਸਲਾਦ ਜਾਂ ਫਿਰ ਕੱਚੀ ਹੀ ਬਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਨੂੰ ਖਿਲਾ ਸਕਦੇ ਹੋ।

ਚਿਹਰੇ 'ਤੇ ਆਈਆਂ ਝੁਰੜੀਆਂ ਨੂੰ ਘੱਟ ਕਰਨ ਵਿੱਚ ਗਾਜਰ ਬਹੁਤ ਲਾਹੇਵੰਦ ਹੈ। ਬਚਪਨ ਤੋਂ ਤੁਸੀਂ ਜੇਕਰ ਗਾਜਰ ਦੀ ਲਗਾਤਾਰ ਵਰਤੋਂ ਕਰਦੇ ਹੋ ਤਾਂ ਤੁਹਾਨੂੰ ਸਮੇਂ ਤੋਂ ਪਹਿਲਾਂ ਝੁਰੜੀਆਂ ਨਹੀਂ ਪੈਣਗੀਆਂ। ਗਾਜਰ ਨੂੰ ਅਸੀਂ ਚਿਹਰੇ ਦੀ ਖ਼ੂਬਸੂਰਤੀ ਵਧਾਉਣ ਵਿੱਚ ਫੇਸਪੈਕ ਦੇ ਰੂਪ ਵਿੱਚ ਵੀ ਵਰਤੋਂ ਕਰਦੇ ਹਾਂ। ਵਟਣੇ ਦੇ ਰੂਪ ਵਿੱਚ ਗਾਜਰ ਦੀ ਵਰਤੋਂ ਕਰਨ ਨਾਲ ਚਿਹਰੇ ਦੇ ਸਾਂਵਲੇਪਣ ਤੋਂ ਬੱਚਿਆ ਜਾ ਸਕਦਾ ਹੈ।

ਗਾਜਰ ਦਾ ਵਟਣਾ ਬਣਾਉਣ ਲਈ ਸਭ ਤੋਂ ਪਹਿਲਾਂ ਦੋ ਚਮਚ ਗਾਜਰ ਦਾ ਜੂਸ ਲਓ। ਉਸ ਵਿੱਚ ਦੋ ਚਮਚ ਬਦਾਮ ਦਾ ਤੇਲ ਅਤੇ ਉਸੇ ਮਾਤਰਾ ਵਿੱਚ ਵੇਸਣ ਮਿਲਾਓ। ਚੰਗੀ ਤਰ੍ਹਾਂ ਨਾਲ ਮਿਕਸ ਕਰਕੇ ਉਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਓ ਅਤੇ ਵੀਹ ਮਿੰਟ ਬਾਅਦ ਚਿਹਰਾ ਠੰਡੇ ਪਾਣੀ ਨਾਲ ਧੋ ਲਓ। ਫਿਰ ਦੇਖੋ ਗਾਜਰ ਦਾ ਕਮਾਲ। ਇਸ ਵਟਣੇ ਦੀ ਵਰਤੋਂ ਕਰਦੇ ਰਹਿਣ ਨਾਲ ਚਮੜੀ 'ਤੇ ਜੰਮੀ ਮੈਲ ਸਾਫ਼ ਹੋ ਜਾਂਦੀ ਹੈ।

ਜੇਕਰ ਤੁਸੀਂ ਦਿਨ ਵਿੱਚ ਦੋ ਗਿਲਾਸ ਗਾਜਰ ਦਾ ਜੂਸ ਪੀਂਦੇ ਹੋ ਤਾਂ ਇਹ ਤੁਹਾਡੇ ਹਾਜ਼ਮੇ ਨੂੰ ਠੀਕ ਰੱਖਦਾ ਹੈ। ਗਾਜਰ ਸਰੀਰ ਵਿੱਚੋਂ ਗੰਦੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦੀ ਹੈ ਅਤੇ ਅਲਸਰ ਵਰਗੀ ਖ਼ਤਰਨਾਕ ਬਿਮਾਰੀ ਵਿੱਚ ਵੀ ਫਾਇਦਾ ਕਰਦੀ ਹੈ। ਕਮਜ਼ੋਰੀ ਨਾਲ ਜੇਕਰ ਤੁਹਾਨੂੰ ਚੱਕਰ ਆਉਂਦੇ ਹਨ ਤਾਂ ਗਾਜਰ ਖਾਣਾ ਤੁਹਾਡੇ ਲਈ ਸੰਜੀਵਨੀ ਬੂਟੀ ਦਾ ਕੰਮ ਕਰੇਗੀ।

ਗਾਜਰ ਅਤੇ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਦਸਤ ਆਉਣਾ ਬੰਦ ਹੋ ਜਾਂਦੇ ਹਨ। ਦਿਨ ਵਿੱਚ ਦੋ ਤੋਂ ਤਿੰਨ ਵਾਰ ਇਸ ਜੂਸ ਨੂੰ ਪੀਣ ਨਾਲ ਦਸਤਾਂ ਵਿੱਚ ਫਾਇਦਾ ਹੁੰਦਾ ਹੈ।

ਬੱਚਿਆਂ ਨੂੰ ਡਾਇਰੀਆ ਹੋਣ 'ਤੇ ਇਸ ਵਿਧੀ ਦੀ ਵਰਤੋਂ ਕਰੋ। ਇੱਕ ਪਤੀਲੇ ਵਿੱਚ ਦੋ-ਤਿੰਨ ਗਾਜਰਾਂ ਨੂੰ ਉਬਾਲੋ। ਉਬਾਲਣ ਨਾਲ ਉਹ ਨਰਮ ਪੈ ਜਾਂਦੀਆਂ ਹਨ। ਉਸ ਤੋਂ ਬਾਅਦ ਉਨ੍ਹਾਂ ਦਾ ਗੁੱਦਾ ਕੱਢੋ ਅਤੇ ਜੂਸ ਤਿਆਰ ਕਰ ਲਓ। ਉਸ ਵਿੱਚ ਥੋੜ੍ਹਾ ਜਿਹਾ ਨਮਕ ਮਿਲਾ ਲਓ ਅਤੇ ਬੱਚਿਆਂ ਨੂੰ ਥੋੜ੍ਹੀ-ਥੋੜ੍ਹੀ ਦੇਰ ਵਿੱਚ ਇਸ ਨੂੰ ਦਿੰਦੇ ਰਹੋ। ਬਹੁਤ ਛੇਤੀ ਆਰਾਮ ਮਿਲੇਗਾ।

ਲਾਲ ਗਾਜਰ ਅੱਖਾਂ, ਦੰਦਾਂ ਅਤੇ ਪੇਟ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਵਿਟਾਮਿਨ 'ਏ' ਵਾਲੀ ਗਾਜਰ ਦੀ ਵਰਤੋਂ ਨਾਲ ਅੱਖਾਂ ਦੀਆਂ ਬਿਮਾਰੀਆਂ 'ਨਾਈਟ ਬਲਾਇੰਡਨੈੱਸ' ਕਾਫ਼ੀ ਹੱਦ ਤੱਕ ਠੀਕ ਹੋ ਸਕਦੀ ਹੈ।

ਗਾਜਰ ਨੂੰ ਖਾਣ ਵਿੱਚ ਕੁੱਝ ਸਾਵਧਾਨੀ ਵਰਤਣੀ ਚਾਹੀਦੀ ਹੈ ਜਿਵੇਂ ਕਿ ਜੇਕਰ ਤੁਸੀਂ ਗਾਜਰ ਨੂੰ ਕੱਚੀ ਹੀ ਖਾ ਰਹੇ ਹੋ ਤਾਂ ਭੁੱਲ ਕੇ ਵੀ ਉਸ ਦੀ ਉੱਪਰੀ ਤਹਿ ਨੂੰ ਨਾ ਛਿੱਲੋ ਕਿਉਂਕਿ ਉਸ ਵਿੱਚ ਤਰ੍ਹਾਂ-ਤਰ੍ਹਾਂ ਦੇ ਵਿਟਾਮਿਨ ਅਤੇ ਪੌਸ਼ਕ ਤੱਤ ਲੁਕੇ ਹੁੰਦੇ ਹਨ।

ਗਾਜਰ ਨੂੰ ਜੇਕਰ ਤੁਹਾਡੇ ਬੱਚੇ ਕੱਚੇ ਰੂਪ ਵਿੱਚ ਨਾ ਜਾਂ ਨਮਕੀਨ ਰੂਪ ਵਿੱਚ ਨਾ ਪਸੰਦ ਕਰਦੇ ਹੋਣ ਤਾਂ ਤੁਸੀਂ ਉਨ੍ਹਾਂ ਦਾ ਕੜਾਹ ਬਣਾ ਕੇ ਖਵਾਓ ਅਤੇ ਖੁਦ ਵੀ ਖਾ ਸਕਦੇ ਹੋ। ਇਸ ਤਰ੍ਹਾਂ ਨਾਲ ਤੁਹਾਡੀ ਸਮੱਸਿਆ ਵੀ ਸੁਲਝ ਜਾਵੇਗੀ ਅਤੇ ਬੱਚੇ ਵੀ ਖ਼ੁਸ਼ ਰਹਿਣਗੇ।

**- ਤਰੰਨੁਮ ਅਤਹਰ**

# ਢੀਂਗਰੀ ਖੁੰਬ : ਪੌਸ਼ਟਿਕ ਤੱਤਾਂ ਦਾ ਖਜ਼ਾਨਾ

ਸ਼ਿਵਾਨੀ ਸ਼ਰਮਾ,
ਮਾਇਕ੍ਰੋਬਾਇਉਲੋਜੀ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 88728-63025)

ਸੰਤੁਲਿਤ ਆਹਾਰ, ਜਿਸ ਵਿੱਚ ਪ੍ਰੋਟੀਨ, ਕਾਰਬੋਹਾਈਡ੍ਰੇਟ, ਵਸਾ, ਖਣਿਜ, ਰੇਸ਼ਾ ਅਤੇ ਵਿਟਾਮਿਨ ਦਾ ਸੁਚੱਜਾ ਸੁਮੇਲ ਹੋਵੇ, ਚੰਗੀ ਸਿਹਤ ਦੀ ਕੁੰਜੀ ਹੈ। ਜਿਵੇਂ ਕਿ ਰੋਜ਼ਾਨਾ ਦੇ ਭੋਜਨ ਵਿੱਚ ਖੁੰਬਾਂ ਦਾ ਪ੍ਰਯੋਗ ਕਰਨਾ। ਖੁੰਬਾਂ ਇੱਕ ਪੂਰਨ ਆਹਾਰ ਹਨ, ਜਿਸ ਵਿੱਚ ਕਾਰਬੋਹਾਈਡ੍ਰੇਟ, ਵਧੀਆ ਪ੍ਰੋਟੀਨ, ਘੱਟ ਵਸਾ, ਖਣਿਜ (ਜਿਵੇਂ ਕਿ ਪੋਟਾਸ਼ੀਅਮ, ਫਾਸਫੋਰਸ, ਕਾਪਰ, ਸੇਲੇਨੀਅਮ, ਜ਼ਿੰਕ ਆਦਿ) ਅਤੇ ਵਿਟਾਮਿਨ (ਬੀ, ਡੀ ਅਤੇ ਸੀ) ਮੌਜੂਦ ਹੁੰਦੇ ਹਨ। ਇਸ ਤੋਂ ਇਲਾਵਾ, ਖੁੰਬਾਂ ਐਂਟੀਆਕਸੀਡੈਂਟ ਪਦਾਰਥਾਂ ਨਾਲ ਭਰਪੂਰ ਹੁੰਦੀਆਂ ਹਨ, ਜੋ ਕਿ ਸਰੀਰ ਨੂੰ ਅਨੇਕਾਂ ਬਿਮਾਰੀਆਂ ਅਤੇ ਬੁਢਾਪੇ ਨੂੰ ਰੋਕਦੀਆਂ ਹਨ। ਖੁੰਬਾਂ ਵਿੱਚਲਾ ਪ੍ਰੋਟੀਨ, ਜ਼ਰੂਰੀ ਅਮੀਨੋ ਐਸਿਡ ਨਾਲ ਭਰਪੂਰ ਹੁੰਦਾ ਹੈ ਜੋ ਕਿ ਸ਼ਾਕਾਹਾਰੀ ਭੋਜਨ ਵਿੱਚ ਮੌਜੂਦ ਨਹੀਂ ਹੁੰਦੇ; ਸਿੱਟੇ ਵਜੋਂ ਸ਼ਾਕਾਹਾਰੀ ਖੁਰਾਕ ਵਿੱਚ ਖੁੰਬਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।



ਅਜਿਹੇ ਕਈ ਗੁਣਾਂ ਨਾਲ ਭਰਪੂਰ ਖੁੰਬਾਂ ਹੈ 'ਢੀਂਗਰੀ', ਜਿਸ ਨੂੰ ਰੋਜ਼ਮਰਾ ਦੀ ਖੁਰਾਕ ਵਿੱਚ ਬੜੀ ਹੀ ਆਸਾਨੀ ਨਾਲ ਸ਼ਾਮਿਲ ਕੀਤਾ ਜਾ ਸਕਦਾ ਹੈ। ਢੀਂਗਰੀ ਖੁੰਬ ਇੱਕ ਅਜਿਹੀ ਖੁੰਬ ਹੈ, ਜੋ ਸਿਰਫ਼ ਤੂੜੀ, ਖੁੰਬਾਂ ਦੇ ਸਪਾਨ ਅਤੇ ਪਾਣੀ ਦੀ ਵਰਤੋਂ ਨਾਲ ਉਗਾਈ ਜਾ ਸਕਦੀ ਹੈ। ਇਸ ਖੁੰਬ ਦਾ ਕਾਸ਼ਤ ਤਰੀਕਾ ਅਤੇ ਸਾਂਭ ਸੰਭਾਲ ਬਹੁਤ ਹੀ ਸੁਖਾਲਾ ਹੈ। ਇਸ ਦੀ ਬਿਜਾਈ ਲਈ ਅਕਤੂਬਰ ਤੋਂ ਮਾਰਚ ਤੱਕ ਦਾ ਸਮਾਂ ਢੁੱਕਵਾਂ ਹੈ, ਜਿਸ ਦੌਰਾਨ ਢੀਂਗਰੀ ਦੀਆਂ ਤਿੰਨ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਢੀਂਗਰੀ ਖੁੰਬ ਪੌਸ਼ਟਿਕਤਾ ਦੇ ਪੱਖੋਂ ਬਟਨ ਖੁੰਬ ਨਾਲ ਤੁਲਨਾਯੋਗ ਹੈ, ਜੋ ਇਸ ਨੂੰ ਵਿਲੱਖਣ ਬਣਤਰ ਅਤੇ ਸਵਾਦ ਵਾਲੀ ਸਬਜ਼ੀ ਬਣਾਉਂਦਾ ਹੈ। ਲਗਭਗ ਇੱਕ ਕਿਲੋ ਸੁੱਕੀ ਤੂੜੀ ਵਿੱਚੋਂ 600-700 ਗ੍ਰਾਮ ਤੱਕ ਢੀਂਗਰੀ ਖੁੰਬ ਦੀ ਤੁੜਾਈ ਕੀਤੀ ਜਾ ਸਕਦੀ ਹੈ ਜੋ ਕਿ ਬਟਨ ਖੁੰਬ ਦੀ ਤੁਲਨਾ ਵਿੱਚ ਕਿਤੇ ਵਧੇਰੇ ਹੈ।

**ਢੀਂਗਰੀ ਖੁੰਬ ਦੀ ਕਾਸ਼ਤ ਵਿਧੀ :**

★ ਕਣਕ ਦੀ ਤੂੜੀ ਨੂੰ ਸਾਫ਼ ਪਾਣੀ ਨਾਲ 24 ਘੰਟੇ ਲਈ ਚੰਗੀ ਤਰ੍ਹਾਂ ਗਿੱਲਾ ਕਰੋ।

★ ਅਗਲੇ ਦਿਨ, ਇਸ ਵਿੱਚੋਂ ਵਾਧੂ ਪਾਣੀ ਬਾਹਰ ਨਿਕਲਣ ਦਿਉ, ਤਾਂ ਜੋ ਇਸ ਵਿੱਚ 70-75% ਨਮੀਂ ਰਹਿ ਜਾਵੇ।

★ ਇਸ ਤੋਂ ਬਾਅਦ, ਗਿੱਲੀ ਤੂੜੀ ਨੂੰ 10% (ਸੁੱਕੀ ਤੂੜੀ ਦੇ ਹਿਸਾਬ ਨਾਲ) ਖੁੰਬਾਂ ਦੇ ਬੀਜ ਚੰਗੀ ਤਰ੍ਹਾਂ ਰਲਾ ਕੇ ਮੋਮੀ ਲਿਫਾਫਿਆਂ ਵਿੱਚ ਬਿਜਾਈ ਕਰੋ।

★ ਬੀਜੇ ਹੋਏ ਲਿਫਾਫਿਆਂ ਨੂੰ ਸੇਬੇ ਨਾਲ ਬੰਨ ਕੇ ਖੁੰਬ ਘਰ ($22\pm2^{\circ}$ ਸੈਲਸੀਅਸ) ਵਿੱਚ ਰੱਖ ਦਿਉ।

★ ਲਗਭਗ 20-25 ਦਿਨਾਂ ਦੇ ਅੰਦਰ, ਲਿਫਾਫਿਆਂ ਵਿੱਚ ਖੁੰਬ ਦਾ ਜਾਲਾ ਫੈਲ ਜਾਵੇਗਾ।

★ ਇਸ ਤੋਂ ਬਾਅਦ ਮੋਮੀ ਲਿਫਾਫੇ ਲਾਹ ਦਿਉ ਅਤੇ ਰੋਜ਼ ਫੁਹਾਰੇ ਨਾਲ ਪਾਣੀ ਦਿਉ ਤਾਂ ਜੋ 80-85% ਨਮੀਂ ਬਣੀ ਰਹੇ।

★ ਕੁੱਝ ਦਿਨਾਂ ਵਿੱਚ, ਸਿੱਪੀ ਦੇ ਆਕਾਰ ਦੀਆਂ ਖੁੰਬਾਂ ਫੁੱਟਣ ਲੱਗਦੀਆਂ ਹਨ।

★ ਜਿਨ੍ਹਾਂ ਨੂੰ 4-5 ਦਿਨਾਂ ਵਿੱਚ ਵੱਡੀਆਂ ਹੋਣ 'ਤੇ ਤੋੜਿਆ ਜਾ ਸਕਦਾ ਹੈ।

★ ਤੋੜੀਆਂ ਗਈਆਂ ਖੁੰਬਾਂ ਨੂੰ 200 ਗ੍ਰਾਮ ਦੇ ਲਿਫਾਫੇ ਵਿੱਚ ਪਾ ਕੇ ਵੇਚਿਆ ਜਾ ਸਕਦਾ ਹੈ।


ਮੌਜੂਦਾ ਸਮੇਂ ਵਿੱਚ, ਢੀਂਗਰੀ ਨੂੰ ਰੋਜ਼ਾਨਾ ਦੇ ਭੋਜਨ ਵਿੱਚ ਅਨੇਕਾਂ ਢੰਗਾਂ ਨਾਲ ਸ਼ਾਮਿਲ ਕੀਤਾ ਜਾ ਸਕਦਾ ਹੈ। ਤਾਜ਼ਾ ਢੀਂਗਰੀ ਦੀ ਵਰਤੋਂ, ਸਬਜ਼ੀ, ਪੁਲਾਉ, ਨਗਟਸ, ਪਕੌੜੇ ਅਤੇ ਸੈਂਡਵਿਚ ਬਣਾਉਣ ਵਿੱਚ ਕੀਤੀ ਜਾ ਸਕਦੀ ਹੈ। ਢੀਂਗਰੀ ਤੋਂ ਬਹੁਤ ਹੀ ਸਵਾਦਲਾ ਆਚਾਰ ਬਣਾ ਕੇ ਵੀ ਤਿਆਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਢੀਂਗਰੀ ਨੂੰ ਸੁੱਕਾ ਕੇ ਵੀ ਵਰਤਿਆ ਜਾ ਸਕਦਾ ਹੈ ਅਤੇ ਸੁੱਕੀ ਢੀਂਗਰੀ ਦਾ ਪਾਊਡਰ ਵੀ ਤਿਆਰ ਕੀਤਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ, ਤਾਜ਼ੀ ਢੀਂਗਰੀ ਦਾ ਮਸਾਲਿਆਂ ਨਾਲ ਪੇਸਟ ਬਣਾ ਕੇ ਵੀ ਵਰਤਿਆ ਜਾ ਸਕਦਾ ਹੈ।

ਮਾਇਕ੍ਰੋਬਾਇਉਲੋਜੀ ਵਿਭਾਗ, ਪੀ ਏ ਯੂ, ਲੁਧਿਆਣਾ, ਖੁੰਬਾਂ ਦੀ ਮਹੱਤਤਾ ਨੂੰ ਸਮਝਦੇ ਹੋਏ, ਘਰਾਂ ਵਿੱਚ ਖੁੰਬਾਂ ਦੀ ਸੌਖੀ ਕਾਸ਼ਤ ਲਈ ਖੁੰਬ ਦਾ ਸਪਾਨ ਉਪਲਬੱਧ ਕਰਵਾਉਂਦਾ ਹੈ। ਇਹ ਸਪਾਨ ਮਾਇਕ੍ਰੋਬਾਇਉਲੋਜੀ ਵਿਭਾਗ ਵਿੱਚ 30 ਦਿਨ ਦੀ ਅਗੇਰੀ ਬੁਕਿੰਗ 'ਤੇ ਸਿਰਫ਼ 80 ਰੁਪਏ ਪ੍ਰਤੀ ਕਿਲੋ ਵਿੱਚ ਖਰੀਦੇ ਜਾ ਸਕਦੇ ਹਨ। ਇੱਕ 5 ਮੈਂਬਰੀ ਪਰਿਵਾਰ ਲਈ ਇੱਕ ਕਿਲੋ ਸਪਾਨ ਅਤੇ 10 ਕਿਲੋ ਤੂੜੀ ਕਾਫ਼ੀ ਹੈ। ਅੰਤ ਵਿੱਚ ਪਾਠਕਾਂ ਨੂੰ ਇਹ ਹੀ ਸਿਫ਼ਾਰਿਸ਼ ਹੈ ਕਿ -

ਪੌਸ਼ਕ ਅਤੇ ਗੁਣਾਂ ਦੀ ਜੇ ਖੋਲਣੀ ਜਿੰਦਰੀ,
ਆਹਾਰ ਵਿੱਚ ਸ਼ਾਮਿਲ ਕਰੋ ਖੁੰਬ ਢੀਂਗਰੀ।

# ਸਰਦੀ ਤੋਂ ਬਚਾਉਂਦਾ ਹੈ ਅਖਰੋਟ

ਕਸ਼ਮੀਰ ਦੀਆਂ ਵਾਦੀਆਂ ਵਿੱਚ ਹੋਣ ਵਾਲਾ ਅਖਰੋਟ ਕੁਦਰਤ ਦਾ ਇੱਕ ਬੜਾ ਕੀਮਤੀ ਤੋਹਫ਼ਾ ਹੈ। ਇਹ ਸਮੁੰਦਰੀ ਤਲ ਤੋਂ ਖ਼ਾਸ ਉੱਚਾਈ 'ਤੇ, ਵੱਡੇ ਤੇ ਚੌੜੇ ਪੱਤਿਆਂ ਵਾਲੇ ਦਰੱਖਤ 'ਤੇ ਲੱਗਦਾ ਹੈ। ਇਸ ਦੀ ਮੁਲਾਇਮ ਲੱਕੜੀ ਨਾਲ ਫਰਨੀਚਰ ਤਿਆਰ ਕੀਤਾ ਜਾਂਦਾ ਹੈ। ਇਸ ਦੀ ਲੱਕੜੀ ਹੋਰ ਦਰੱਖਤਾਂ ਦੀ ਲੱਕੜੀ ਤੋਂ ਵੱਖਰੀ ਹੁੰਦੀ ਹੈ।



ਇਸ ਵਿੱਚ ਸਿਉਂਕ ਲੱਗਣ ਦਾ ਡਰ ਨਹੀਂ ਰਹਿੰਦਾ। ਇਸ ਕੁਦਰਤੀ ਫਲ ਵਿੱਚ ਬਹੁਤ ਸਾਰੇ ਗੁਣਾਂ ਦਾ ਸੁਮੇਲ ਹੈ। ਇਹ ਇੱਕ ਦਵਾਈ ਦੇ ਰੂਪ ਵਿੱਚ ਵੀ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

★ ਸਰਦੀ ਲੱਗਣ ਨਾਲ ਸਰੀਰ ਵਿੱਚ ਦਰਦ ਹੋ ਰਿਹਾ ਹੋਵੇ ਤਾਂ ਅਖਰੋਟ ਦੇ ਤੇਲ ਦੀ ਮਾਲਿਸ਼ ਬੜੀ ਲਾਹੇਵੰਦ ਹੁੰਦੀ ਹੈ।

★ ਦੰਦਾਂ ਵਿੱਚ ਚਮਕ ਲਿਆਉਣ ਲਈ ਅਖਰੋਟ ਦੇ ਛਿਲਕੇ ਨਾਲ ਦੰਦਾਂ ਨੂੰ ਸਾਫ਼ ਕਰੋ।

★ ਪੇਟ ਵਿੱਚ ਕੀੜੇ ਹੋਣ ਤਾਂ ਇੱਕ ਅਖਰੋਟ ਖਾ ਕੇ ਦੁੱਧ ਪੀਣ ਨਾਲ ਫਾਇਦਾ ਹੁੰਦਾ ਹੈ।

★ ਅਖਰੋਟ ਵਿਅਕਤੀ ਦੇ ਦਿਮਾਗ ਨੂੰ ਸੰਤੁਲਿਤ ਅਤੇ ਮਜ਼ਬੂਤ ਬਣਾਈ ਰੱਖਦਾ ਹੈ। ਪਾਇਰੀਆ ਰੋਗ ਵਿੱਚ ਅਖਰੋਟ ਦੇ ਛਿਲਕਿਆਂ ਨੂੰ ਬਾਰੀਕ ਪੀਹ ਕੇ ਇਸ ਵਿੱਚ ਦੰਦਾਂ 'ਤੇ ਮੰਜਨ ਕਰਨ ਨਾਲ ਬੇਹੱਦ ਲਾਭ ਹੁੰਦਾ ਹੈ।

★ ਦਾਦ ਹੋਣ 'ਤੇ ਅਖਰੋਟ ਦਾ ਤੇਲ ਲਗਾਓ।

★ ਯਾਦ ਸ਼ਕਤੀ ਵਧਾਉਣ ਲਈ ਅਖਰੋਟ ਦੀ ਲਗਾਤਾਰ ਵਰਤੋਂ ਕਰੋ।

★ ਲਕਵਾ ਰੋਗ ਹੋਣ 'ਤੇ ਅਖਰੋਟ ਦਾ ਤੇਲ ਨੱਕ ਦੇ ਦੋਵਾਂ ਸੁਰਾਖਾਂ ਵਿੱਚ ਲਗਾਓ।

**- ਭਾਸ਼ਣਾ ਬਾਂਸਲ**



# ਕਿੰਨੂ ਦਾ ਸੁਚੱਜਾ ਮੰਡੀਕਰਨ

ਜੀ ਐੱਸ ਰੋਮਾਣਾ ਅਤੇ ਰਾਜ ਕੁਮਾਰ, ਇਕੋਨੋਮਿਕਸ ਅਤੇ ਸੋਸ਼ਿਆਲੋਜੀ ਵਿਭਾਗ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋਬਾਇਲ 94630-22255)

ਕਿੰਨੂ ਦਾ ਮੰਡੀਕਰਨ, ਇਸ ਦੀ ਤੁੜਾਈ ਉਪਰੰਤ ਘੱਟ ਉਮਰ, ਖਾਸ ਮੌਸਮ ਵਾਲਾ ਅਤੇ ਇੱਕ ਦਮ ਬਹੁਤ ਜ਼ਿਆਦਾ ਮਾਤਰਾ ਵਿੱਚ ਪੈਦਾਵਾਰ ਹੋਣਾ, ਗੁੰਝਲਦਾਰ ਸਮੱਸਿਆ ਹੈ । ਕਿੰਨੂ ਦਾ ਜ਼ਿਆਦਾ ਮੰਡੀਕਰਨ ਠੇਕੇ ਉੱਪਰ ਦੇ ਕੇ ਹੀ ਕੀਤਾ ਜਾਂਦਾ ਹੈ । ਬਹੁਤ ਥੋੜ੍ਹੇ ਕਿਸਾਨ ਹਨ ਜੋ ਮੰਡੀ ਵਿੱਚ ਜਾ ਕੇ ਆਪਣੀ ਪੈਦਾਵਾਰ ਆਪ ਵੇਚਦੇ ਹਨ । ਇਸੇ ਕਰਕੇ ਕਿਸਾਨਾਂ ਦੇ ਹਿੱਸੇ ਆਉਣ ਵਾਲਾ ਮੁਨਾਫਾ ਘੱਟ ਹੁੰਦਾ ਹੈ । ਇਸ ਤੋਂ ਇਲਾਵਾ ਕਿੰਨੂ ਦੀ ਗੁਣਵੱਤਾ ਨੂੰ ਵਧਾਉਣ ਜਾਂ ਬਰਕਰਾਰ ਰੱਖਣ ਲਈ ਖੇਤ ਪੱਧਰ ਤੇ ਜਾਗਰੂਕਤਾ ਦੀ ਘਾਟ ਕਾਰਨ ਵੀ ਇਹ ਫ਼ਲ ਮੰਡੀ ਵਿੱਚ ਚੰਗਾ ਮੁੱਲ ਲੈਣ ਦੇ ਸਮਰੱਥ ਨਹੀਂ ਹੁੰਦਾ । ਜੇ ਕਿਸਾਨ ਆਪਣੇ ਖੇਤਾਂ ਵਿੱਚ ਕਿੰਨੂ ਦੀ ਗੁਣਵੱਤਾ ਵਧਾਉਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਦੱਸੇ ਨੁਕਤੇ ਅਪਨਾਉਣ ਅਤੇ ਆਪਣਾ ਫ਼ਲ ਆਪ ਘਰੇਲੂ ਜਾਂ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਵੇਚਣ ਤਾਂ ਕੋਈ ਕਾਰਨ ਨਹੀਂ ਕਿ ਉਹ ਆਪਣੇ ਮੌਜੂਦਾ ਮੁਨਾਫੇ ਨੂੰ ਦੁੱਗਣਾ ਨਹੀਂ ਕਰ ਸਕਦੇ ।

## ਕਿੰਨੂ ਦੇ ਮੰਡੀਕਰਨ ਦੀਆਂ ਸਮੱਸਿਆਵਾਂ

★ ਮੌਜੂਦਾ ਸਮੇਂ ਵਿੱਚ ਕੋਲਡ ਸਟੋਰ ਕੇਵਲ ਆਲੂਆਂ ਲਈ ਹੀ ਹਨ । ਕਿੰਨੂ ਤੋਂ ਲਾਹੇਵੰਦ ਭਾਅ ਲੈਣ ਲਈ ਇਸ ਦੀ ਸਟੋਰ ਕਰਨ ਦੀ ਸਮੱਸਿਆ ਹੈ ।

★ ਕਿੰਨੂ ਤੋਂ ਲਾਹੇਵੰਦ ਪਦਾਰਥ ਬਨਾਉਣ ਲਈ ਪ੍ਰੋਸੈਸਿੰਗ ਪਲਾਂਟਾਂ ਦੀ ਘਾਟ ਹੈ । ਇਸ ਤੋਂ ਇਲਾਵਾ ਕਿੰਨੂ ਦੇ ਮੌਸਮੀ ਹੋਣ ਕਾਰਨ ਇਹ ਕਾਰਖਾਨੇ ਵਧੀਆ ਤਰੀਕੇ ਨਾਲ ਜ਼ਿਆਦਾ ਸਮਾਂ ਵਰਤੇ ਵੀ ਨਹੀਂ ਜਾ ਸਕਦੇ ।

★ ਕਿੰਨੂ ਲਈ ਉਚੇਚੇ ਤੌਰ ਤੇ ਕੋਈ ਵੱਖਰਾ ਮੰਡੀਕਰਨ ਦਾ ਢਾਂਚਾ ਨਹੀਂ ਹੈ ਜਿਸ ਕਾਰਨ ਫ਼ਲਾਂ ਦੀ ਖਰਾਬੀ ਬਹੁਤ ਹੋ ਜਾਂਦੀ ਹੈ । ਆਪਣੀ ਮੰਡੀ ਦਾ ਸਿਧਾਂਤ ਵੀ ਜ਼ਿਆਦਾ ਕਾਰਗਰ ਨਹੀਂ ਹੋ ਰਿਹਾ ਕਿਉਂਕਿ ਇੱਥੇ ਵੀ ਕਿਸਾਨਾਂ ਦੀ ਘਾਟ ਕਾਰਨ ਪ੍ਰਚੂਨ ਵਿਕਰੇਤਾ ਦਾ ਕਬਜ਼ਾ ਹੋ ਜਾਂਦਾ ਹੈ ।

★ ਕਿਸਾਨਾਂ ਵਿੱਚ ਸਵੈ-ਸਹਾਇਤਾ ਗਰੁੱਪ ਅਤੇ ਸਹਿਕਾਰੀ ਸੰਸਥਾਵਾਂ ਦੀ ਹਮੇਸ਼ਾ ਹੀ ਘਾਟ ਰਹੀ ਹੈ ਜਿਹੜੀ ਕਿ ਉਹਨਾਂ ਨੂੰ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਕਿੰਨੂ ਦੇ ਵਧੀਆ ਭਾਅ ਦੁਆਰਾ ਹੋ ਸਕਦੀ ਹੈ ।

★ ਕਿੰਨੂ ਦੇ ਮੰਡੀਕਰਨ ਦੌਰਾਨ ਵਿਚੋਲਿਆਂ ਦੀ ਬਹੁਤਾਤ ਨਾਲ ਕਿਸਾਨਾਂ ਨਾਲ ਧੋਖਾ ਅਤੇ ਠੱਗੀ ਦੇ ਅਸਾਰ ਕਈ ਗੁਣਾ ਵੱਧ ਜਾਂਦੇ ਹਨ ਜਿਹੜੇ ਕਿ ਕਿਸਾਨੀ ਮੁਨਾਫੇ ਨੂੰ ਖੋਰਾ ਲਾਉਂਦੇ ਹਨ ।

★ ਪੈਦਾਵਾਰ ਅਤੇ ਪੈਦਾਵਾਰ ਤੋਂ ਬਾਅਦ ਹੋਣ ਵਾਲੇ ਕੰਮਾਂ ਲਈ ਗਿਆਨ ਦੀ ਘਾਟ ਨਾਲ ਵੀ ਕਿੰਨੂ ਦੀ ਬਾਹਰੀ



ਦਿੱਖ ਅਤੇ ਕੁਆਲਟੀ ਵਿੱਚ ਬਹੁਤ ਗਿਰਾਵਟ ਆ ਜਾਂਦੀ ਹੈ ਜੋ ਕਿ ਮੰਡੀ ਵਿੱਚ ਪੂਰਾ ਮੁੱਲ ਨਹੀਂ ਲੈਣ ਦਿੰਦੀ ।

ਇਸ ਤੋਂ ਇਲਾਵਾ ਸਹੀ ਡੱਬਾਬੰਦੀ ਦੀ ਘਾਟ ਨਾਲ ਮੰਡੀ ਤੱਕ ਪਹੁੰਚਦੇ-ਪਹੁੰਚਦੇ ਫ਼ਲਾਂ ਦਾ ਨੁਕਸਾਨ ਬਹੁਤ ਹੋ ਜਾਂਦਾ ਹੈ ਜੋ ਕਿ ਪੂਰਿਆ ਜਾ ਸਕਣ ਵਾਲਾ ਘਾਟਾ ਹੈ ।

### ਮੰਡੀ ਵਿੱਚ ਵਧੇਰੇ ਲਾਹਾ ਲੈਣ ਲਈ ਵਿਚਾਰਨਯੋਗ ਤੱਥ

ਸਮੱਸਿਆਵਾਂ ਦੇ ਹੁੰਦਿਆਂ ਵੀ ਹੇਠ ਲਿਖੇ ਤੱਥਾਂ ਨਾਲ ਕਿੰਨੂ ਤੋਂ ਮੰਡੀ ਵਿੱਚ ਵਧੇਰੇ ਲਾਹਾ ਲਿਆ ਜਾ ਸਕਦਾ ਹੈ :

★ ਕਿੰਨੂ ਦੀ ਪੈਦਾਵਾਰ ਦੌਰਾਨ ਸਮੇਂ ਸਿਰ ਕਾਂਟ-ਛਾਂਟ ਕਰਕੇ, ਘੱਟ ਤੋਂ ਘੱਟ ਜ਼ਮੀਨ ਨੂੰ ਵਾਹ ਕੇ, ਹਲਕੀ ਸਿੰਚਾਈ ਜਾਂ ਜੇ ਹੋ ਸਕੇ ਤਾਂ ਤੁਪਕਾ ਪ੍ਰਣਾਲੀ ਰਾਹੀਂ ਸਿੰਚਾਈ ਕਰ ਕੇ, ਆਮ ਤਰੀਕੇ ਨਾਲ ਜਾਂ ਤੁਪਕਾ ਪ੍ਰਣਾਲੀ ਰਾਹੀਂ ਖਾਦਾਂ ਦੇ ਕੇ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀਆਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਰਕੇ ਅਸੀਂ ਕਿੰਨੂ ਦੀ ਗੁਣਵੱਤਾ ਬਰਕਰਾਰ ਰੱਖ ਸਕਦੇ ਹਾਂ ।

★ ਕਿੰਨੂ ਦੀ ਤੁੜਾਈ ਅਤੇ ਉਸ ਤੋਂ ਬਾਅਦ ਇਸ ਦੀ ਗੁਣਵੱਤਾ ਵਿੱਚ ਵਾਧੇ ਅਤੇ ਸੰਭਾਲ ਲਈ ਨਰਮ ਤੁੜਾਈ ਕਰਨੀ ਤਾਂ ਜੋ ਫ਼ਲ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ, ਸਫਾਈ ਕਰਨੀ, ਫ਼ਲ ਨੂੰ ਧੋਣਾ, ਸੁਕਾਉਣਾ, ਮੋਮ ਚੜ੍ਹਾਉਣੀ, ਦਰਜਾਬੰਦੀ ਕਰਨੀ ਅਤੇ ਬਾਅਦ ਵਿੱਚ ਗੱਤੇ ਦੇ ਡੱਬਿਆਂ ਵਿੱਚ ਬੰਦ ਕਰਕੇ ਵੇਚਣਾ, ਆਦਿ ਬਹੁਤ ਜ਼ਰੂਰੀ ਕੰਮ ਹਨ ਜੋ ਕਿਸਾਨ ਦਾ ਧਿਆਨ ਮੰਗਦੇ ਹਨ ।

★ ਸੂਬਾ ਸਰਕਾਰ ਦੁਆਰਾ ਚਲਾਏ ਜਾ ਰਹੇ ਕਿੰਨੂ ਮੋਮ ਪਲਾਂਟ, ਕਿੰਨੂ ਗਰੇਡਰ ਆਦਿ ਅਜਿਹੇ ਅਦਾਰੇ ਹਨ ਜਿੰਨਾ ਦਾ ਫਾਇਦਾ ਕਿੰਨੂ ਦੀ ਬਜ਼ਾਰੀ ਕੀਮਤ ਵਧਾਉਣ ਲਈ ਲਿਆ ਜਾ ਸਕਦਾ ਹੈ ।

★ ਘਰੇਲੂ ਅਤੇ ਦੂਰ ਦੁਰਾਡੇ ਦੀਆਂ ਮੰਡੀਆਂ ਦੀ ਸਹੀ ਜਾਣਕਾਰੀ ਲੈਣ ਲਈ ਮੰਡੀਆਂ ਦਾ ਲਗਾਤਾਰ ਸਰਵੇਖਣ ਕੀਤਾ ਜਾਣਾ ਬਹੁਤ ਜ਼ਰੂਰੀ ਹੈ । ਇਸ ਕੰਮ ਲਈ ਸੋਸ਼ਲ ਮੀਡੀਆ, ਵਟਸਐਪ, ਫੇਸਬੁੱਕ, ਇੰਟਰਨੈੱਟ ਅਤੇ ਵੈੱਬ ਸਾਈਟਸ ਦਾ ਫਾਇਦਾ ਲੈਣਾ ਚਾਹੀਦਾ ਹੈ ।

★ ਵੱਖ-ਵੱਖ ਅਦਾਰਿਆਂ ਜਿਵੇਂ ਕਿ ਨੈਸ਼ਨਲ ਬਾਗਬਾਨੀ ਮਿਸ਼ਨ ਆਦਿ ਵਿੱਚ ਚੱਲ ਰਹੀਆਂ ਬਾਗਬਾਨੀ ਨਾਲ ਸੰਬੰਧਿਤ ਸਕੀਮਾਂ ਦਾ ਲਾਹਾ ਲੈਣ ਲਈ ਸੰਬੰਧਿਤ ਮਹਿਕਮੇ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ ।

★ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਫ਼ਲਾਂ ਦੀ ਵਿਕਰੀ ਲਈ ਕਿਸਾਨ ਛੋਟੇ-ਛੋਟੇ ਸਵੈ-ਸਹਾਇਤਾ ਗਰੁੱਪ ਜਾਂ ਸਹਿਕਾਰੀ ਮੰਡੀਕਰਨ ਸੰਸਥਾਵਾਂ ਬਣਾ ਕੇ ਸਰਕਾਰ ਵੱਲੋਂ ਇਸ ਕੰਮ ਵਿੱਚ ਦਿੱਤੀ ਜਾਣ ਵਾਲੀ ਸਹਾਇਤਾ ਵੀ ਪ੍ਰਾਪਤ ਕਰ ਸਕਦੇ ਹਨ । ਇਸ ਮੁਲਕ ਦੇ 10 ਲੱਖ ਤੋਂ ਉੱਪਰ ਦੀ ਆਬਾਦੀ ਵਾਲੇ 53 ਦੇ ਕਰੀਬ ਵੱਖ-ਵੱਖ ਸ਼ਹਿਰਾਂ ਨੂੰ ਕਿੰਨੂ ਦੇ ਮੰਡੀਕਰਨ ਲਈ ਵਰਤਿਆ ਜਾ ਸਕਦਾ ਹੈ ।

★ ਇਕੱਲਿਆਂ ਕੋਸ਼ਿਸ਼ ਕਰਨ ਨਾਲੋਂ ਉਪਰੋਕਤ ਸੰਸਥਾਵਾਂ ਬਣਾ ਕੇ ਫ਼ਲਾਂ ਦੀ ਨਿਰਯਾਤ ਵੀ ਸੁਖਾਲੀ ਕੀਤੀ ਜਾ ਸਕਦੀ ਹੈ ।

★ ਪੰਜਾਬ ਸਰਕਾਰ ਇਸ ਕੰਮ ਵਿੱਚ ਕੰਟਰੈਕਟ ਫਾਰਮਿੰਗ ਸ਼ੁਰੂ ਕਰਕੇ ਕਿਸਾਨਾਂ ਦੀ ਸਹਾਇਤਾ ਕਰ ਸਕਦੀ ਹੈ ।

★ ਕਿੰਨੂ ਉਗਾਉਣ ਵਾਲੇ ਖੇਤਰਾਂ ਵਿੱਚ ਵੱਡੀ ਪੱਧਰ ਤੇ ਕਿੰਨੂ ਪ੍ਰੋਸੈਸਿੰਗ ਪਲਾਂਟ ਲਾ ਕੇ ਸਰਕਾਰ ਨੂੰ ਕਿਸਾਨਾਂ ਦੇ ਮੁਨਾਫੇ ਵਿੱਚ ਸਥਿਰਤਾ ਲਿਆਉਣ ਦੇ ਨਾਲ-ਨਾਲ ਇਸ ਵਿੱਚ ਵਾਧਾ ਵੀ ਕਰਨਾ ਚਾਹੀਦਾ ਹੈ ।

★ ਕਿੰਨੂ ਵਾਲੇ ਇਲਾਕਿਆਂ ਵਿੱਚ ਕਿੰਨੂ ਗਰੇਡਰ ਅਤੇ ਕਿੰਨੂ ਮੋਮ ਪਲਾਂਟ ਲਾ ਕੇ ਸਰਕਾਰ ਨੂੰ ਇਸ ਫ਼ਲ ਦੀ ਮਿਆਦ ਵਧਾਉਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਕਿਸਾਨ ਦੂਰ ਦੁਰਾਡੇ ਦੀਆਂ ਮੰਡੀਆਂ ਦਾ ਲਾਹਾ ਵੀ ਲੈ ਸਕਣ ।

---

ਪਰਵਿੰਦਰ ਸਿੰਘ,
ਫਾਰਮ ਸਲਾਹਕਾਰ ਸੇਵਾ ਕੇਂਦਰ,
ਤਰਨ ਤਾਰਨ (ਮੋ. 81463-22553)

# ਸ਼ਕਰਕੰਦੀ ਦੀ ਸਫ਼ਲ ਕਾਸ਼ਤ ਕਿਵੇਂ ਕਰੀਏ

**ਜਨਵਰੀ ਤੋਂ ਫਰਵਰੀ ਵਿੱਚ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 35-40 ਕਿਲੋ ਗੰਢੀਆਂ ਅੱਧੀ ਕਨਾਲ ਵਿੱਚ ਉੱਚੀਆਂ ਕਿਆਰੀਆਂ ਬਣਾ ਕੇ ਬੀਜੋ**



ਸ਼ਕਰਕੰਦੀ ਨੂੰ ਪੰਜਾਬ ਵਿੱਚ ਆਮ ਤੌਰ ਤੇ ਉਬਾਲ ਕੇ ਜਾਂ ਭੁੰਨ ਕੇ ਇਸ ਦਾ ਮਿੱਠਾ ਗੁੱਦਾ ਖਾਧਾ ਜਾਂਦਾ ਹੈ । ਇਸ ਵਿੱਚ ਕੈਰੋਟੀਨ, ਸਟਾਰਚ ਅਤੇ ਹੋਰ ਜ਼ਰੂਰੀ ਤੱਤ ਜਿਵੇਂ ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸ਼ੀਅਮ, ਸੋਡੀਅਮ, ਫਾਸਫੋਰਸ, ਕਲੋਰੀਨ, ਸਲਫਰ ਅਤੇ ਲੋਹੇ ਆਦਿ ਦੀ ਚੰਗੀ ਮਾਤਰਾ ਹੋਣ ਕਾਰਨ ਇਹ ਮਨੁੱਖੀ ਸਰੀਰ ਲਈ ਬਹੁਤ ਹੀ ਲਾਹੇਵੰਦ ਹੈ ।

**ਮੌਸਮ ਅਤੇ ਜ਼ਮੀਨ** : ਸ਼ਕਰਕੰਦੀ ਲੰਬੇ ਸਮੇਂ ਗਰਮ ਮੌਸਮ ਦੀ ਫ਼ਸਲ ਹੈ । ਇਸ ਨੂੰ ਧੁੱਪ ਵਾਲੇ ਦਿਨ, ਦਰਮਿਆਨੀ ਬਾਰਿਸ਼ ਅਤੇ ਚਾਰ ਮਹੀਨਿਆਂ ਲਈ ਦਿਨ ਅਤੇ ਰਾਤ ਦਾ ਗਰਮ ਤਾਪਮਾਨ ਚਾਹੀਦਾ ਹੈ । ਇਸ ਫ਼ਸਲ ਵਿੱਚ ਸੋਕੇ ਨੂੰ ਸਹਾਰਨ ਦੀ ਸਮਰੱਥਾ ਹੈ ਪਰ ਇਹ ਕੋਰੇ ਨੂੰ ਨਹੀਂ ਸਹਾਰ ਸਕਦੀ । ਸ਼ਕਰਕੰਦੀ ਦੀ ਕਾਸ਼ਤ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਕੀਤੀ ਜਾ ਸਕਦੀ ਹੈ, ਪਰ ਚੰਗੀ ਨਿਕਾਸ ਵਾਲੀ ਪੋਲੀ, ਭੁਰਭੁਰੀ ਤੇ ਕੱਲਰ ਰਹਿਤ ਮੈਰਾ ਤੇ ਰੇਤਲੀ ਮੈਰਾ ਜ਼ਮੀਨ ਇਸ ਲਈ ਵਧੇਰੇ ਢੁੱਕਵੀਂ ਹੈ ।

### ਉੱਨਤ ਕਿਸਮ

**ਪੰਜਾਬ ਸ਼ਕਰਕੰਦੀ 21** : ਇਸ ਕਿਸਮ ਦੀਆਂ ਵੇਲਾਂ ਦਾ ਆਕਾਰ ਦਰਮਿਆਨਾ ਲੰਮਾ ਹੁੰਦਾ ਹੈ । ਇਸ ਦੇ ਪੱਤੇ ਗੂੜ੍ਹੇ ਹਰੇ, ਚੌੜੇ, ਕੱਟਵੇਂ ਅਤੇ ਜ਼ਾਮਨੀ ਰੰਗ ਦੀ ਭਾਅ ਮਾਰਦੇ ਹਨ । ਤਣਾ ਦਰਮਿਆਨਾ ਲੰਮਾ ਤੇ ਸਖ਼ਤ ਹੁੰਦਾ ਹੈ । ਪੱਤੇ ਤੋਂ ਪੱਤੇ ਦਾ ਫ਼ਾਸਲਾ 4.5 ਸੈਂਟੀਮੀਟਰ ਅਤੇ ਪੱਤੇ ਦੀ ਡੰਡੀ ਦੀ ਲੰਬਾਈ 9 ਸੈਂਟੀਮੀਟਰ ਹੁੰਦੀ ਹੈ । ਇਹ ਕਿਸਮ ਤਕਰੀਬਨ 145 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦੀ ਸ਼ਕਰਕੰਦੀ ਗੂੜ੍ਹੇ ਲਾਲ ਛਿਲਕੇ ਅਤੇ ਚਿੱਟੇ ਗੁੱਦੇ ਵਾਲੀ ਹੁੰਦੀ ਹੈ । ਸ਼ਕਰਕੰਦੀ 20 ਸੈਂਟੀਮੀਟਰ ਲੰਮੀ ਤੇ 4 ਸੈਂਟੀਮੀਟਰ ਚੌੜੀ ਹੁੰਦੀ ਹੈ । ਇੱਕ ਸ਼ਕਰਕੰਦੀ ਦਾ ਭਾਰ ਤਕਰੀਬਨ 75 ਗ੍ਰਾਮ ਹੁੰਦਾ ਹੈ । ਇਸ ਕਿਸਮ ਦੀ ਸ਼ਕਰਕੰਦੀ ਵਿੱਚ 35 ਪ੍ਰਤੀਸ਼ਤ ਸੁੱਕਾ ਮਾਦਾ ਤੇ 81 ਮਿਲੀਗ੍ਰਾਮ ਸਟਾਰਚ ਹੁੰਦਾ ਹੈ । ਇਸ ਕਿਸਮ ਦਾ ਔਸਤਨ ਝਾੜ 75 ਕੁਇੰਟਲ ਪ੍ਰਤੀ ਏਕੜ ਦੇ ਲਗਭਗ ਹੈ ।

### ਕਾਸ਼ਤ ਦੇ ਢੰਗ

**ਜ਼ਮੀਨ ਦੀ ਤਿਆਰੀ** : ਸ਼ਕਰਕੰਦੀ ਦੀ ਕਾਸ਼ਤ ਲਈ ਜ਼ਮੀਨ ਨੂੰ ਚੰਗੀ ਤਰ੍ਹਾਂ ਤਿਆਰ ਕਰੋ । ਇਸ ਲਈ ਖੇਤ ਨੂੰ 4-5 ਵਾਰ ਵਾਹੋ ਅਤੇ ਹਰ ਵਾਹੀ ਪਿੱਛੋਂ ਸੁਹਾਗਾ ਫੇਰੋ । ਖੇਤ ਨਦੀਨਾਂ ਅਤੇ ਮੁੱਢਾਂ ਤੋਂ ਰਹਿਤ ਹੋਣਾ ਚਾਹੀਦਾ ਹੈ ।

**ਬੀਜ ਦੀ ਮਾਤਰਾ** : ਵੇਲਾਂ ਤੋਂ ਬਣਾਈਆਂ ਹੋਈਆਂ ਤਕਰੀਬਨ 25,000 ਤੋਂ 30,000 ਕਲਮਾਂ ਇੱਕ ਏਕੜ ਲਈ ਕਾਫ਼ੀ ਹਨ ।

**ਬਿਜਾਈ ਦਾ ਸਮਾਂ** : ਜਨਵਰੀ ਤੋਂ ਫਰਵਰੀ ਵਿੱਚ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 35-40 ਕਿਲੋ ਗੰਢੀਆਂ ਅੱਧੀ ਕਨਾਲ ਵਿੱਚ ਉੱਚੀਆਂ ਕਿਆਰੀਆਂ ਬਣਾ ਕੇ ਬੀਜਣੀਆਂ ਚਾਹੀਦੀਆਂ ਹਨ ਅਤੇ ਅਪ੍ਰੈਲ ਤੋਂ ਜੁਲਾਈ ਦੇ ਮਹੀਨੇ ਵਿੱਚ ਇਨ੍ਹਾਂ ਗੰਢੀਆਂ ਤੋਂ ਤਿਆਰ ਹੋਈਆਂ ਵੇਲਾਂ ਤੋਂ ਕਲਮਾ ਬਣਾ ਕੇ ਖੇਤ ਵਿੱਚ ਲਾ ਦਿਓ ।

**ਫ਼ਾਸਲਾ** : ਕਤਾਰਾਂ ਵਿਚਕਾਰ 60 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖੋ ।

**ਖਾਦਾਂ** : 10 ਟਨ ਗਲੀ ਸੜੀ ਰੂੜੀ, 55 ਕਿਲੋ ਨਾਈਟ੍ਰੋਜਨ (125 ਕਿਲੋ ਕਿਸਾਨ ਖਾਦ), 25 ਕਿੱਲੋ ਫਾਸਫੋਰਸ (155 ਕਿਲੋ ਸਿੰਗਲ ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਪਾਉ ।

**ਮਿੱਟੀ ਚੜ੍ਹਾਉਣਾ** : ਬਿਜਾਈ ਤੋਂ 40 ਦਿਨ ਦੇ ਬਾਅਦ ਇੱਕ ਵਾਰ ਮਿੱਟੀ ਜ਼ਰੂਰ ਚੜਾਓ ।

**ਸਿੰਚਾਈ** : ਪਾਣੀ 14 ਦਿਨਾਂ ਦੇ ਵਕਫ਼ੇ ਤੋਂ ਬਾਅਦ ਦੇਣਾ ਚਾਹੀਦਾ ਹੈ ।

# ਅਰਾਵਲੀ ਨੂੰ ਮੁੜ ਪਰਿਭਾਸ਼ਿਤ ਕਰਨ ਪਿਛਲਾ ਉਦੇਸ਼




**ਸੁਖਦੇਵ ਸਿੰਘ**
ਸੇਵਾਮੁਕਤ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਵਾਈਸ ਚੇਅਰਮੈਨ, INTACH, ਨਵੀਂ ਦਿੱਲੀ

**ਨਵੀਂ ਕਮੇਟੀ ਨੂੰ ਇਹ ਸਮਝਣਾ ਪਵੇਗਾ ਕਿ ਕੀ ਇਸ ਸੰਬੰਧ ਵਿੱਚ ਕਿਸੇ ਪਰਿਭਾਸ਼ਾ ਦੀ ਲੋੜ ਹੈ ? ਜੇਕਰ ਸਹੀ ਮਾਅਨਿਆਂ ਵਿੱਚ ਉਦੇਸ਼ ਅਰਾਵਲੀ ਪਰਬਤ ਲੜੀ ਨੂੰ ਬਚਾਉਣਾ ਹੀ ਹੈ ਤਾਂ ਇਸ ਦੀਆਂ ਪਹਾੜੀਆਂ ਦੁਆਲੇ ਘੱਟੋ-ਘੱਟ 500 ਮੀਟਰ ਤੱਕ ਸਮਤਲ ਖੇਤਰ ਨੂੰ ਵੀ ਸੁਰੱਖਿਅਤ ਕਰਨ ਦੀ ਲੋੜ ਹੈ । ਇਹ ਖੇਤਰ ਸਿਰਫ਼ ਖੇਤੀਬਾੜੀ ਜਾਂ ਪਸ਼ੂਆਂ ਦੇ ਚਾਰਾਗਾਹ ਵਜੋਂ ਵਰਤਿਆ ਜਾਣਾ ਚਾਹੀਦਾ ਹੈ ।**

ਪੰਜਾਬ ਅਤੇ ਹਰਿਆਣਾ ਵਿੱਚ ਤੇਜ਼ੀ ਨਾਲ ਜ਼ਮੀਨ ਹੇਠਲੇ ਪਾਣੀ ਵਿੱਚ ਆ ਰਹੀ ਗਿਰਾਵਟ, ਹਿਮਾਚਲ ਤੇ ਉੱਤਰਾਖੰਡ ਵਿੱਚ ਪਹਾੜਾਂ ਦੇ ਖੋਰੇ, ਰਾਜਸਥਾਨ, ਹਰਿਆਣਾ ਅਤੇ ਦਿੱਲੀ ਐੱਨ ਸੀ ਆਰ ਵਿੱਚ ਵਾਤਾਵਰਨ ਪ੍ਰਦੂਸ਼ਣ ਅਤੇ ਅਰਾਵਲੀ ਪਰਬਤ ਲੜੀ ਦੇ ਘਾਣ ਲਈ ਜ਼ਿੰਮੇਵਾਰ ਕੁਦਰਤ ਨਹੀਂ ਸਗੋਂ ਮਨੁੱਖੀ ਗਤੀਵਿਧੀਆਂ ਹਨ । ਅਰਬਾਂ ਸਾਲ ਪਹਿਲਾਂ ਟੈਕਟੋਨਿਕ ਪਲੇਟਾਂ ਦੇ ਟਕਰਾਉਣ ਕਾਰਨ ਅਰਾਵਲੀ ਪਰਬਤ ਲੜੀ ਬਣੀ । ਪਹਿਲਾਂ ਇਸ ਲੜੀ ਵਿਚਲੇ ਪਰਬਤਾਂ ਦੀ ਉਚਾਈ ਅੱਜ ਨਾਲੋਂ ਕਿਤੇ ਵੱਧ ਸੀ, ਪਰ ਹੌਲੀ-ਹੌਲੀ ਲੱਖਾਂ ਸਾਲਾਂ ਦੌਰਾਨ ਹੋਏ ਖੋਰੇ ਨੇ ਇਨ੍ਹਾਂ ਉੱਚੇ ਪਰਬਤਾਂ ਨੂੰ ਉੱਚੀਆਂ ਨੀਵੀਆਂ ਪਹਾੜੀਆਂ ਤੇ ਚੱਟਾਨਾਂ ਦੀ ਲੜੀ ਬਣਾ ਦਿੱਤਾ ।

ਇਹ ਪਰਬਤ ਉੱਪਰਲੇ ਪੱਧਰ 'ਤੇ ਕਾਫੀ ਹੱਦ ਤੱਕ ਸਮਤਲ ਹਨ ਤੇ ਇਨ੍ਹਾਂ ਵਿੱਚ ਰਾਜਸਥਾਨ ਦੇ ਮਾਊਂਟ ਆਬੂ ਪਠਾਰ 'ਤੇ 'ਗੁਰੂ ਸ਼ਿਖਰ' ਸਭ ਤੋਂ ਉੱਚੀ ਚੋਟੀ ਹੈ, ਜੋ ਸਮੁੰਦਰ ਤਲ ਤੋਂ 1,722 ਮੀਟਰ (5,650 ਫੁੱਟ) ਦੀ ਉਚਾਈ 'ਤੇ ਹੈ । ਪਿਛਲੇ ਲੰਮੇ ਸਮੇਂ ਤੋਂ ਅਰਾਵਲੀ ਪਰਬਤ ਲੜੀ ਖੇਤਰ ਵਿੱਚ ਕਾਨੂੰਨੀ ਅਤੇ ਗੈਰ-ਕਾਨੂੰਨੀ ਢੰਗ ਨਾਲ ਹੋ ਰਿਹਾ ਖਣਨ, ਰੀਅਲ ਅਸਟੇਟ ਤਹਿਤ ਚੱਲ ਰਹੇ ਪ੍ਰਜੈਕਟ ਅਤੇ ਜੰਗਲ ਦੀ ਕਟਾਈ ਕਾਰਨ ਇਸ



ਪਰਬਤ ਲੜੀ ਦਾ ਰੱਜ ਕੇ ਨੁਕਸਾਨ ਕੀਤਾ ਗਿਆ ਹੈ ਅਤੇ ਸਰਕਾਰਾਂ ਇਸ 'ਤੇ ਰੋਕ ਲਾਉਣ ਦੀ ਥਾਂ ਇਨ੍ਹਾਂ ਕਾਰਵਾਈਆਂ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਠਹਿਰਾਉਣ ਦੇ ਢੰਗ ਤਰੀਕੇ ਲੱਭ ਰਹੀਆਂ ਹਨ । ਹੁਣ ਜਦੋਂ 20 ਨਵੰਬਰ 2025 ਨੂੰ ਸੁਪਰੀਮ ਕੋਰਟ ਨੇ ਅਰਾਵਲੀ ਪਰਬਤ ਲੜੀ ਨੂੰ ਪਰਿਭਾਸ਼ਿਤ ਕਰਨ ਲਈ ਭਾਰਤ ਦੇ ਵਾਤਾਵਰਨ, ਜੰਗਲਾਤ ਅਤੇ ਪੌਣ ਪਾਣੀ ਬਦਲਾਅ ਮੰਤਰਾਲੇ (MOEFCC) ਵੱਲੋਂ ਬਣਾਈ ਕਮੇਟੀ ਦੁਆਰਾ ਕਿਸੇ ਪਹਾੜੀ ਦੇ ਅਰਾਵਲੀ ਦਾ ਹਿੱਸਾ ਹੋਣ ਜਾਂ ਨਾ ਹੋਣ ਨੂੰ ਤੈਅ ਕਰਨ ਲਈ ਤਿਆਰ ਕੀਤੇ ਨਵੇਂ ਪੈਮਾਨਿਆਂ ਨੂੰ ਸਵੀਕਾਰ ਕਰਨ ਦਾ ਫ਼ੈਸਲਾ ਸੁਣਾਇਆ ਤਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ, ਸਮਾਜਿਕ ਕਾਰਕੁਨਾਂ ਵੱਲੋਂ ਕੀਤੇ ਗਏ ਵਿਰੋਧ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਚ ਅਦਾਲਤ ਨੇ 29 ਦਸੰਬਰ 2025 ਨੂੰ ਆਪਣੇ 20 ਨਵੰਬਰ ਦੇ ਫ਼ੈਸਲੇ 'ਤੇ ਅਗਲੀ ਸੁਣਵਾਈ ਤੱਕ ਰੋਕ ਲੱਗਾ ਦਿੱਤੀ ਹੈ । ਕਮੇਟੀ ਵੱਲੋਂ ਤੈਅ ਕੀਤੇ ਗਏ ਮਿਆਰਾਂ ਅਨੁਸਾਰ ਜੇਕਰ ਪਹਾੜੀ ਦੀ ਉੱਚਾਈ ਸਥਾਨਕ ਤਲ ਤੋਂ 100 ਮੀਟਰ ਤੋਂ ਘੱਟ ਹੋਵੇ ਜਾਂ ਕੋਈ ਦੋ ਛੋਟੀਆਂ ਪਹਾੜੀਆਂ ਵਿਚਾਲੇ 500 ਮੀਟਰ ਤੋਂ ਵੱਧ ਵਿੱਥ ਹੋਵੇ ਤਾਂ ਇਸ ਨੂੰ ਅਰਾਵਲੀ ਪਰਬਤ ਲੜੀ ਦਾ ਹਿੱਸਾ ਨਹੀਂ ਮੰਨਿਆ ਜਾਵੇਗਾ ।

ਸਰਕਾਰ ਨੇ ਰਾਜਸਥਾਨ ਵਿੱਚ ਇਸ ਪਰਿਭਾਸ਼ਾ ਦੇ ਪਹਿਲਾਂ ਤੋਂ ਲਾਗੂ ਹੋਣ ਅਤੇ ਇਸ ਨੂੰ ਸਿਰਫ਼ ਇੱਕ 'ਤਕਨੀਕੀ' ਸਪੱਸ਼ਟੀਕਰਨ ਦੱਸਦੇ ਹੋਏ 100 ਮੀਟਰ ਵਾਲੀ ਪਰਿਭਾਸ਼ਾ ਦੀ ਪੈਰਵੀ ਕੀਤੀ ਹੈ ਅਤੇ ਦਾਅਵਾ ਕੀਤਾ ਹੈ ਕਿ ਹਰ ਸੂਬੇ ਵਿੱਚ ਅਰਾਵਲੀ ਨੂੰ ਸੁਰੱਖਿਅਤ ਕਰਨ ਦੇ ਪੈਮਾਨੇ ਇੱਕ ਸਮਾਨ ਹੋਣ ਨਾਲ ਲਾਭ ਹੋਵੇਗਾ । ਅਸਲ ਵਿੱਚ ਇਹ ਨੁਕਤੇ ਭੁਲੇਖਾਪਾਊ ਹਨ, ਜਿਨ੍ਹਾਂ ਦੇ ਆਧਾਰ 'ਤੇ ਅਰਾਵਲੀ ਪਰਬਤ ਲੜੀ ਨੂੰ ਸੁਰੱਖਿਅਤ ਕਰਨ ਦੇ ਨਾਅਰੇ ਹੇਠ ਇਸ ਨੂੰ 'ਅਸੁਰੱਖਿਅਤ' ਕਰਨ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ । ਇਸ ਪਿਛਲਾ ਅਸਲ ਉਦੇਸ਼ ਇਸ ਪਰਬਤ ਲੜੀ ਦੇ ਕੁੱਝ ਹਿੱਸੇ ਨੂੰ ਕਾਨੂੰਨੀ ਤੌਰ 'ਤੇ ਖਣਨ ਅਤੇ ਰੀਅਲ ਅਸਟੇਟ ਤਹਿਤ ਵਿਕਾਸ ਕਾਰਜਾਂ ਦੀ ਮਾਰ ਹੇਠ ਲਿਆਉਣ ਦੀ ਕੋਸ਼ਿਸ਼ ਹੈ ।

ਸਭ ਤੋਂ ਪਹਿਲਾਂ ਪਹਾੜਾਂ ਦੀ ਉਚਾਈ ਮਾਪਣ ਲਈ ਦੁਨੀਆ ਵਿੱਚ ਮਾਨਤਾ ਪ੍ਰਾਪਤ ਸਮੁੰਦਰ ਤਲ ਨੂੰ ਆਧਾਰ ਮੰਨਣ ਵਾਲੇ ਸਿਧਾਂਤ ਨੂੰ ਛੱਡ ਕੇ ਪਹਾੜ ਦੇ ਸਥਾਨਕ ਤਲ ਨੂੰ ਆਧਾਰ ਮੰਨਣ ਵਾਲਾ ਸਿਧਾਂਤ ਅਪਣਾਉਣਾ ਅਰਾਵਲੀ ਦੇ ਕੁੱਝ ਹਿੱਸੇ ਨੂੰ ਸੁਰੱਖਿਅਤ ਇਲਾਕੇ ਨੂੰ ਬਾਹਰ ਰੱਖਣ ਦੇ ਹੱਕ ਵਿੱਚ ਭੁਗਤਦਾ ਹੈ ਕਿਉਂਕਿ ਅਰਾਵਲੀ ਪਰਬਤ ਲੜੀ ਦੇ ਖੇਤਰ ਵਿੱਚ ਸਥਾਨਕ ਤਲ ਪਹਿਲਾਂ ਹੀ ਸਮੁੰਦਰ ਤਲ ਤੋਂ ਲਗਭਗ 100 ਮੀਟਰ ਤੋਂ ਵੱਧ ਉੱਚਾ ਹੈ । ਇਸ ਤਰ੍ਹਾਂ ਜੇ ਸਥਾਨਕ ਤਲ ਤੋਂ 100 ਮੀਟਰ ਉਚਾਈ ਨਾਪੀ ਜਾਵੇਗੀ ਤਾਂ ਸਮੁੰਦਰ ਤਲ ਤੋਂ 199 ਮੀਟਰ ਉਚਾਈ ਵਾਲੀ ਪਹਾੜੀ ਵੀ ਇਸ ਨਵੇਂ ਪੈਮਾਨੇ ਤਹਿਤ ਅਰਾਵਲੀ ਦਾ ਹਿੱਸਾ ਬਣਨ ਦੀ ਯੋਗਤਾ ਪ੍ਰਾਪਤ ਨਹੀਂ ਕਰ ਸਕੇਗੀ । ਇਸ ਤਹਿਤ ਰਾਜਸਥਾਨ ਵਿੱਚ 90 ਫ਼ੀਸਦ ਪਹਾੜੀਆਂ ਅਰਾਵਲੀ ਪਬਰਤ ਲੜੀ ਤੋਂ ਬਾਹਰ ਹੋ ਜਾਣਗੀਆਂ । ਫਾਰੈਸਟ ਸਰਵੇ ਆਫ਼ ਇੰਡੀਆ ਅਨੁਸਾਰ, ਰਾਜਸਥਾਨ ਵਿੱਚ 12,081 ਅਰਾਵਲੀ ਪਹਾੜੀਆਂ ਵਿੱਚ ਸਿਰਫ਼ 1,048 (8.7%) ਹੀ ਸਥਾਨਕ ਤਲ ਤੋਂ 100 ਮੀਟਰ ਦੀ ਉਚਾਈ ਦੇ ਮਿਆਰ ਨੂੰ ਪੂਰਾ ਕਰਦੀਆਂ ਹਨ । ਪਹਾੜੀ ਦੀ ਉਚਾਈ ਮਾਪਣ ਲਈ ਸਮੁੰਦਰੀ ਤਲ ਇੱਕ ਵਿਆਪਕ, ਪ੍ਰਮਾਣਿਤ ਮਿਆਰੀ ਸੰਦਰਭ ਬਿੰਦੂ ਹੈ, ਜਦਕਿ ਸਥਾਨਕ ਤਲ ਨੂੰ ਆਧਾਰ ਬਣਾਉਣਾ ਗੈਰ-ਪ੍ਰਮਾਣਿਕ ਹੈ । ਉਦਾਹਰਣ ਵਜੋਂ ਜਦੋਂ ਕਿਹਾ ਜਾਂਦਾ ਹੈ ਕਿ ਐਵਰੈਸਟ ਪਹਾੜ 8848.86 ਮੀਟਰ ਉੱਚਾ ਹੈ ਤਾਂ ਇਸ ਦਾ ਅਰਥ ਹੁੰਦਾ ਹੈ ਕਿ ਇਹ ਸਮੁੰਦਰ ਤਲ ਤੋਂ 8848.86 ਮੀਟਰ ਉੱਚਾ ਹੈ, ਨਾ ਕਿ ਇਸ ਦੇ ਸਥਾਨਕ ਤਲ ਤੋਂ ।

ਦੂਜਾ, ਰਾਜਸਥਾਨ ਸਰਕਾਰ ਵੱਲੋਂ ਕਿਸੇ ਵੇਲੇ ਪੱਥਰ (ਮਾਰਬਲ) ਦੀ ਖੁਦਾਈ/ਖਣਨ ਨੂੰ ਕਾਨੂੰਨੀ ਗਰਦਾਨਣ ਲਈ ਤਿਆਰ ਕੀਤੀ ਗਈ ਪਰਿਭਾਸ਼ਾ ਤਹਿਤ ਉੱਥੇ ਖਣਨ ਦੀ ਆਗਿਆ ਦਿੱਤੀ ਗਈ ਹੈ, ਜਦਕਿ ਦਿੱਲੀ ਅਤੇ ਹਰਿਆਣਾ ਕੋਲ ਅਰਾਵਲੀ ਪਰਬਤ ਲੜੀ ਦੇ ਇਲਾਕੇ ਸੰਬੰਧੀ ਨਾ ਅਜਿਹੀ ਕੋਈ ਪਰਿਭਾਸ਼ਾ ਹੈ ਤੇ ਨਾ ਹੀ ਉੱਥੇ ਖਣਨ ਦੀ ਇਜਾਜ਼ਤ ਦਿੱਤੀ ਗਈ ਹੈ । ਟੈਕਨੀਕਲ ਕਮੇਟੀ ਨੇ ਅਰਾਵਲੀ ਨੂੰ ਦਰਪੇਸ਼ ਖ਼ਤਰੇ ਨੂੰ ਮੁੱਖ ਰੱਖਦੇ ਹੋਏ ਇਸ ਨੂੰ ਹੋਰ ਵਿਆਪਕ ਅਤੇ ਮੁਕੰਮਲ ਸੁਰੱਖਿਆ ਦੇਣ ਵਾਲੀ ਪਰਿਭਾਸ਼ਾ ਦੇਣ ਦੀ ਥਾਂ ਖਣਨ, ਜੰਗਲ ਕਟਾਈ ਅਤੇ ਰੀਅਲ ਅਸਟੇਟ ਦੀਆਂ ਕਾਰਵਾਈਆਂ ਨੂੰ ਮਨਜ਼ੂਰੀ ਦੇ ਸਕਣ ਵਾਲੀ ਪਰਿਭਾਸ਼ਾ ਨੂੰ ਚੁਣਿਆ ਹੈ ।

ਪ੍ਰਸ਼ਨ ਉੱਠਦਾ ਹੈ ਕਿ ਅਜਿਹੀ 'ਇਕਸਾਰਤਾ' ਦਾ ਕੀ ਫਾਇਦਾ ਜਿਸ ਨਾਲ ਰਾਜਸਥਾਨ ਦੇ ਨਾਲ-ਨਾਲ ਹਰਿਆਣਾ ਅਤੇ ਹੋਰ ਰਾਜਾਂ ਵਿੱਚ ਵੀ ਖਣਨ ਅਤੇ ਅਜਿਹੀਆਂ ਦੂਜੀਆਂ ਗਤੀਵਿਧੀਆਂ ਲਈ ਆਗਿਆ ਦੇਣ ਦੀ ਗੁੰਜਾਇਸ਼ ਪੈਦਾ ਹੁੰਦੀ ਹੋਵੇ ? ਧਿਆਨ ਮੰਗਣ ਵਾਲਾ ਇੱਕ ਹੋਰ ਨੁਕਤਾ ਇਹ ਹੈ ਕਿ 100 ਮੀਟਰ ਵਾਲੀ ਪਰਿਭਾਸ਼ਾ ਦਾ ਐਲਾਨਿਆ ਉਦੇਸ਼ ਮਾਈਨਿੰਗ ਨੂੰ 'ਨਿਯੰਤ੍ਰਿਤ' ਕਰਨਾ ਹੈ, ਨਾ ਕਿ ਖਣਨ ਨੂੰ ਰੋਕਣਾ । ਇਸ ਤੋਂ ਸਪੱਸ਼ਟ ਹੈ ਕਿ ਟੈਕਨੀਕਲ ਕਮੇਟੀ ਦਾ ਗਠਨ, ਉਸ ਦੁਆਰਾ ਸਿਰਜੀ ਅਰਾਵਲੀ ਪਰਬਤ ਲੜੀ ਦੀ ਪਰਿਭਾਸ਼ਾ ਅਤੇ ਅਰਾਵਲੀ ਦੀ ਇੱਕਸਾਰ ਸੁਰੱਖਿਆ ਦਾ ਬਿਰਤਾਂਤ ਅਸਲ ਵਿੱਚ ਵਪਾਰਕ ਉਦੇਸ਼ ਹਿੱਤ ਅਰਾਵਲੀ ਦੇ ਕੁੱਝ ਹਿੱਸੇ ਨੂੰ ਲੜੀ ਨਾਲੋਂ ਵੱਖ ਕਰਨਾ ਹੈ ।

ਅਰਾਵਲੀ ਰੇਂਜ ਰਾਜਸਥਾਨ, ਹਰਿਆਣਾ, ਦਿੱਲੀ ਅਤੇ ਗੁਜਰਾਤ ਵਿੱਚ ਫੈਲੀ ਹੋਈ ਹੈ । ਦਿੱਲੀ ਨੂੰ ਛੂੰਹਦੇ ਹਰਿਆਣਾ ਦੇ ਗੁੜਗਾਓਂ ਅਤੇ ਫਰੀਦਾਬਾਦ ਜ਼ਿਲ੍ਹਿਆਂ ਵਿੱਚ ਰੀਅਲ ਅਸਟੇਟ ਰਹਿਤ ਹੋਣ ਵਾਲੀਆਂ ਕਾਰਵਾਈਆਂ ਨੂੰ ਕਾਨੂੰਨੀ ਮਾਨਤਾ ਦੇਣ ਅਤੇ ਇਸ ਦੇ ਦਾਇਰੇ ਨੂੰ




ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਗੱਲ ਵੱਖਰੀ ਹੈ ਕਿ ਇੱਥੇ ਰੀਅਲ ਅਸਟੇਟ ਦੇ ਪ੍ਰਜੈਕਟਾਂ ਦੇ ਪਰਦੇ ਹੇਠ ਜਾਂ ਸਿੱਧੇ ਤੌਰ 'ਤੇ ਗੈਰ ਕਾਨੂੰਨੀ ਖਣਨ ਦਾ ਕੰਮ ਪਹਿਲਾਂ ਹੀ ਜਾਰੀ ਹੈ । 2023 ਵਿੱਚ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਇਸ ਖੇਤਰ ਵਿੱਚ ਅਧਿਕਾਰਤ ਇਮਾਰਤਾਂ ਤੋਂ ਇਲਾਵਾ 786 ਏਕੜ ਜ਼ਮੀਨ 'ਤੇ ਲਗਜ਼ਰੀ ਫਾਰਮ ਹਾਊਸ, ਰਿਜ਼ੋਰਟ, ਬੈਂਕੁਇਟ ਹਾਲ, ਰਿਹਾਇਸ਼ੀ ਇਕਾਈਆਂ, ਧਾਰਮਿਕ ਢਾਂਚੇ ਅਤੇ ਵਿਦਿਅਕ ਸੰਸਥਾਵਾਂ ਆਦਿ ਦੇ ਰੂਪ ਵਿੱਚ 6793 ਅਣਅਧਿਕਾਰਤ ਢਾਂਚੇ ਉਸਾਰੇ ਗਏ ਹਨ । ਸੁਪਰੀਮ ਕੋਰਟ ਦੁਆਰਾ ਨਿਯੁਕਤ ਕੇਂਦਰੀ ਅਧਿਕਾਰ ਪ੍ਰਾਪਤ ਕਮੇਟੀ (CEC) ਦੀ 2018 ਦੀ ਇੱਕ ਰਿਪੋਰਟ ਅਨੁਸਾਰ, ਪਿਛਲੇ 50 ਸਾਲਾਂ ਦੌਰਾਨ ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਖਣਨ ਤੇ ਨਰਮ ਰੈਗੂਲੇਟਰੀ ਕਾਰਵਾਈ ਕਾਰਨ 128 ਅਰਾਵਲੀ ਪਹਾੜੀਆਂ ਵਿੱਚੋਂ 31 ਗਾਇਬ ਹੋ ਗਈਆਂ ਹਨ ।

ਸ਼ੁਰੂ-ਸ਼ੁਰੂ ਵਿੱਚ ਇਸ ਖੇਤਰ ਵਿੱਚ ਸਮਾਜਿਕ ਵਰਤੋਂ ਜਾਂ ਕੁੱਝ ਵਿਅਕਤੀਗਤ ਵਰਤੋਂ ਲਈ ਖਣਨ ਕੀਤਾ ਜਾਂਦਾ ਰਿਹਾ ਹੈ, ਪਰ ਹਾਲ ਹੀ ਵਿੱਚ ਇਸ ਖੇਤਰ ਦੇ ਸਰੋਤਾਂ ਨੂੰ ਬਾਜ਼ਾਰ ਲਈ ਖੋਜਿਆ ਜਾ ਰਿਹਾ ਹੈ, ਜਿਸ ਨੇ ਅਰਾਵਲੀ ਦੀਆਂ ਪਹਾੜੀਆਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ । ਇਸ ਪਰਿਭਾਸ਼ਾ ਨੂੰ ਸਰਕਾਰ ਸਿਰਫ਼ ਇੱਕ ਤਕਨੀਕੀ ਸਪੱਸ਼ਟੀਕਰਨ ਦੱਸ ਰਹੀ ਹੈ, ਉਹ ਅਸਲ ਵਿੱਚ ਖਣਨਕਾਰਾਂ ਅਤੇ ਰੀਅਲ ਅਸਟੇਟ ਡਿਵੈਲਪਰਾਂ ਲਈ ਅਰਾਵਲੀ ਵਿੱਚ ਸਿੱਧੀ ਘੁਸਪੈਠ ਕਰਨ ਦਾ ਰਾਹ ਹੈ । ਇੱਕ ਵਾਰ ਜਦੋਂ ਅਰਾਵਲੀ ਦੇ ਕੁੱਝ ਹਿੱਸਿਆਂ ਨੂੰ ਇਸ ਦੇ ਦਾਇਰੇ ਤੋਂ ਬਾਹਰ ਕੱਢਣ ਲਈ ਪਰਿਭਾਸ਼ਿਤ ਕਰ ਲਿਆ ਜਾਂਦਾ ਹੈ ਤਾਂ ਇਸ ਖੇਤਰ ਨੂੰ ਖਣਨ ਅਤੇ ਰੀਅਲ ਅਸਟੇਟ ਕੰਪਨੀਆਂ ਨੂੰ ਕਾਨੂੰਨੀ ਤੌਰ 'ਤੇ ਆਪਣੇ ਕਬਜ਼ੇ ਵਿੱਚ ਲੈਣ ਦੀ ਇਜਾਜ਼ਤ ਮਿਲ ਜਾਵੇਗੀ । ਇੱਕ ਵਾਰ ਇਜਾਜ਼ਤ ਦੇਣ ਤੋਂ ਬਾਅਦ, ਉਨ੍ਹਾਂ ਨੂੰ ਅਰਾਵਲੀ ਦੇ ਕੇਂਦਰ ਵੱਲ ਵੱਧਣ ਤੋਂ ਰੋਕਿਆ ਨਹੀਂ ਜਾ ਸਕੇਗਾ । ਵੱਧ ਤੋਂ ਵੱਧ ਮੁਨਾਫਾ ਕਮਾਉਣ ਦੇ ਉਦੇਸ਼ ਹਿੱਤ ਚੱਲਣ ਵਾਲੀਆਂ ਬਾਜ਼ਾਰ ਸੰਚਾਲਿਤ ਤਾਕਤਾਂ ਮਨੁੱਖੀ, ਸੱਭਿਆਚਾਰਕ, ਵਾਤਾਵਰਨ ਅਤੇ ਕੁਦਰਤ ਸੰਬੰਧੀ ਚਿੰਤਾਵਾਂ ਵਰਗੇ ਮਸਲਿਆਂ ਦੀ ਜ਼ਿੰਮੇਵਾਰੀ ਨਹੀਂ ਮੰਨਦੀਆਂ, ਜਿਸ ਦੇ ਨਤੀਜੇ ਵਜੋਂ ਪ੍ਰਦੂਸ਼ਣ, ਸਰੋਤਾਂ ਦੀ ਕਮੀ ਅਤੇ ਸੱਭਿਆਚਾਰਕ ਵਿਕਸਤ ਦਾ ਨੁਕਸਾਨ ਹੁੰਦਾ ਹੈ । ਕਾਰਪੋਰੇਸ਼ਨਾਂ, ਉਦਯੋਗ ਸਮੂਹ ਅਤੇ ਵਪਾਰਕ ਕੰਪਨੀਆਂ ਦੇ ਨੀਤੀਆਂ ਅਤੇ ਕਾਨੂੰਨ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੋਣ ਕਰ ਕੇ ਸੰਭਾਵੀ ਤੌਰ 'ਤੇ ਉਹ ਅਜਿਹੀਆਂ ਨੀਤੀਆਂ ਅਤੇ ਕਾਨੂੰਨ ਬਣਵਾਉਣ ਵਿੱਚ ਸਫ਼ਲ ਹੋ ਜਾਂਦੇ ਹਨ ਜੋ ਮਨੁੱਖੀ ਭਲੇ ਜਾਂ ਵਾਤਾਵਰਨ ਦੀ ਸੰਭਾਲ ਤੋਂ ਉਲਟ ਸਿਰਫ਼ ਉਨ੍ਹਾਂ ਦੇ ਨਿੱਜੀ ਮੁਨਾਫੇ ਦੇ ਪੱਖ ਵਿੱਚ ਹੁੰਦੇ ਹਨ ।

ਕੁਦਰਤੀ ਹਵਾ ਪ੍ਰਦੂਸ਼ਣ ਫਿਲਟਰ, ਸਥਾਨਕ ਜਲਵਾਯੂ ਦੇ ਕੁਦਰਤੀ ਰੈਗੂਲੇਟਰ, ਥਾਰ ਮਾਰੂਥਲ ਦੇ ਰਾਹ ਵਿੱਚ ਰੁਕਾਵਟ ਅਤੇ ਭੂਮੀਗਤ ਪਾਣੀ ਰੀਚਾਰਜਰ ਵਜੋਂ ਕੰਮ ਕਰਦੀਆਂ ਦੁਨੀਆਂ ਦੀਆਂ ਸਭ ਤੋਂ ਪੁਰਾਣੀਆਂ ਪਹਾੜੀਆਂ ਦੀ ਇਸ ਰੇਂਜ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਨੁਕਸਾਨ ਪਹੁੰਚਾ ਸਕਣ ਵਾਲੀ ਕਿਸੇ ਵੀ ਪਰਿਭਾਸ਼ਾ ਨੂੰ ਕਾਨੂੰਨੀ ਰੂਪ ਦੇਣ ਤੋਂ ਪਹਿਲਾਂ ਸਰਕਾਰ ਅਤੇ ਸੁਪਰੀਮ ਕੋਰਟ ਨੂੰ ਇਸ ਦੇ ਸਾਰੇ ਪੱਖਾਂ ਨੂੰ ਜਾਂਚ ਲੈਣਾ ਚਾਹੀਦਾ ਹੈ । 29 ਦਸੰਬਰ 2025 ਨੂੰ ਉੱਚ ਅਦਾਲਤ ਦੁਆਰਾ ਆਪਣੇ ਹੀ 40 ਦਿਨ ਪੁਰਾਣੇ ਫੈਸਲੇ ਨੂੰ ਅਗਲੇ ਆਦੇਸ਼ਾਂ ਤੱਕ ਰੋਕ ਕੇ ਰੱਖਣ ਦਾ ਹੁਕਮ ਦੇਣਾ ਇੱਕ ਸਵਾਗਤਯੋਗ ਕਦਮ ਹੈ । ਅਦਾਲਤ ਨੇ ਵਾਤਾਵਰਨ ਪ੍ਰੇਮੀਆਂ ਤੇ ਸਿਵਲ ਸਮਾਜ ਦੇ ਦ੍ਰਿਸ਼ਟੀਕੋਣ ਦਾ ਖ਼ੁਦ ਨੋਟਿਸ ਲੈ ਕੇ ਜਨਤਕ ਆਵਾਜ਼ ਦਾ ਸਤਿਕਾਰ ਕੀਤਾ ਹੈ ਅਤੇ ਮਾਮਲੇ ਦੀ ਜਾਂਚ ਲਈ ਇੱਕ ਨਵੀਂ ਕਮੇਟੀ ਬਣਾਉਣ ਦਾ ਆਦੇਸ਼ ਦਿੱਤਾ ਹੈ । ਨਵੀਂ ਕਮੇਟੀ ਨੂੰ ਇਹ ਸਮਝਣਾ ਪਵੇਗਾ ਕਿ ਕੀ ਇਸ ਸੰਬੰਧ ਵਿੱਚ ਕਿਸੇ ਪਰਿਭਾਸ਼ਾ ਦੀ ਲੋੜ ਹੈ ? ਜੇਕਰ ਸਹੀ ਮਾਅਨਿਆਂ ਵਿੱਚ ਉਦੇਸ਼ ਅਰਾਵਲੀ ਪਰਬਤ ਲੜੀ ਨੂੰ ਬਚਾਉਣਾ ਹੀ ਹੈ ਤਾਂ ਇਸ ਦੀਆਂ ਪਹਾੜੀਆਂ ਦੁਆਲੇ ਘੱਟੋ-ਘੱਟ 500 ਮੀਟਰ ਤੱਕ ਸਮਤਲ ਖੇਤਰ ਨੂੰ ਵੀ ਸੁਰੱਖਿਅਤ ਕਰਨ ਦੀ ਲੋੜ ਹੈ । ਇਹ ਖੇਤਰ ਸਿਰਫ਼ ਖੇਤੀਬਾੜੀ ਜਾਂ ਪਸ਼ੂਆਂ ਦੇ ਚਾਰਾਗਾਹ ਵਜੋਂ ਵਰਤਿਆ ਜਾਣਾ ਚਾਹੀਦਾ ਹੈ ।

## ਜੇ ਗੰਦਾ ਪਾਣੀ ਟਰੀਟਮੈਂਟ ਪਲਾਟਾਂ ਰਾਹੀਂ ਸਾਫ਼ ਕਰ ਦਿੱਤਾ ਜਾਵੇ ਤਾਂ ਲੋਕਾਂ ਦੀ ਸਿਹਤ ਵੀ ਠੀਕ ਰਹੇਗੀ ਤੇ ਕਰੋੜਾਂ ਦਾ ਖ਼ਰਚ ਵੀ ਬਚੇਗਾ

# ਪੰਜਾਬ ਦੇ ਮਾਲਵਾ ਵਿੱਚ ਵੀ ਵਾਪਰ ਸਕਦੀ ਹੈ ਇੰਦੌਰ ਵਰਗੀ ਘਟਨਾ



ਬਲਰਾਜ ਸਿੰਘ ਸਿੱਧੂ
ਏ. ਆਈ. ਜੀ. (ਰਿਟਾ.)
ਮੋ. 95011-00062

ਜੋ ਹਾਲ ਅਸੀਂ ਸਾਰਿਆਂ ਨੇ ਰਲ ਮਿਲ ਕੇ ਪੰਜਾਬ ਦੇ ਪਾਣੀਆਂ ਦਾ ਕੀਤਾ ਹੈ, ਉਹ ਵੇਖ ਕੇ ਤਾਂ ਰੱਬ ਵੀ ਪਛਤਾਉਂਦਾ ਹੋਵੇਗਾ ਕਿ ਕਿਉਂ ਮੈਂ ਇਨ੍ਹਾਂ ਅਕ੍ਰਿਤਘਣ ਲੋਕਾਂ ਨੂੰ ਐਨੇ ਜ਼ਿਆਦਾ ਦਰਿਆ ਦੇ ਦਿੱਤੇ ? ਅੱਜ ਸਾਰੇ ਪੰਜਾਬ ਵਿੱਚ ਕੋਈ ਨਲਕੇ ਦਾ ਪਾਣੀ ਨਹੀਂ ਪੀ ਸਕਦਾ । ਸ਼ਹਿਰਾਂ ਵਿੱਚ ਸੀਵਰ ਅਤੇ ਪਿੰਡਾਂ ਵਿੱਚ ਟਾਇਲਟਾਂ ਦੀਆਂ ਗਰਕੀਆਂ ਨੇ ਧਰਤੀ ਹੇਠਲੇ ਪਾਣੀ ਨੂੰ ਜ਼ਹਿਰ ਬਣਾ ਕੇ ਰੱਖ ਦਿੱਤਾ ਹੈ । ਅੱਜਕਲ ਪੰਜਾਬ ਵਿੱਚ ਕੈਂਸਰ ਹਸਪਤਾਲ ਬਣਾਉਣ ਦਾ ਬਹੁਤ ਪ੍ਰਚਾਰ ਹੋ ਰਿਹਾ ਹੈ । ਕੈਂਸਰ ਹੋਣ ਤੋਂ ਬਾਅਦ ਇਲਾਜ ਕਰਨ ਨਾਲੋਂ ਤਾਂ ਇਹ ਚੰਗਾ ਹੈ ਕਿ ਕੈਂਸਰ ਹੋਣ ਹੀ ਨਾ ਦਿੱਤਾ ਜਾਵੇ । ਪੱਛਮੀ ਦੇਸ਼ਾਂ ਵਿੱਚ ਸ਼ਹਿਰਾਂ ਨੂੰ ਦਰਿਆਵਾਂ ਦਾ ਪਾਣੀ ਹੀ ਪੀਣ ਲਈ ਸਪਲਾਈ ਕੀਤਾ ਜਾਂਦਾ ਹੈ । ਵਰਤੋਂ ਤੋਂ ਬਾਅਦ ਗੰਦੇ ਪਾਣੀ ਨੂੰ ਸੋਧ ਕੇ ਵਾਪਸ ਦਰਿਆ ਵਿੱਚ ਪਾ ਦਿੱਤਾ ਜਾਂਦਾ ਹੈ । ਉਸ ਪਾਣੀ ਨੂੰ ਗਲਾਸ ਵਿੱਚ ਭਰ ਕੇ ਕੋਈ ਦੱਸ ਨਹੀਂ ਸਕਦਾ ਕਿ ਇਹ ਸੀਵਰੇਜ਼ ਦਾ ਪਾਣੀ ਹੈ, ਨਾ ਕੋਈ ਗੰਦਗੀ, ਨਾ ਮੁਸ਼ਕ ਅਤੇ ਨਾ ਹੀ ਕੋਈ ਕੈਮੀਕਲ । ਜੇ ਸ਼ਹਿਰਾਂ-ਪਿੰਡਾਂ ਦਾ ਗੰਦਾ ਪਾਣੀ ਪੱਛਮੀ ਦੇਸ਼ਾਂ ਵਾਂਗ ਟਰੀਟਮੈਂਟ ਪਲਾਟਾਂ ਰਾਹੀਂ ਸਾਫ਼ ਕਰਕੇ ਦਰਿਆਵਾਂ ਵਿੱਚ ਪਾਇਆ ਜਾਵੇ ਤਾਂ ਇਸ ਨਾਲ ਲੋਕਾਂ ਦੀ ਸਿਹਤ ਵੀ ਠੀਕ ਰਹੇਗੀ ਤੇ ਸਰਕਾਰੀ ਖ਼ਜ਼ਾਨੇ ਦਾ ਕਰੋੜਾਂ ਰੁਪਿਆ ਵੀ ਬਚ ਜਾਵੇਗਾ ।



ਪਿਛਲੇ ਦਿਨੀਂ ਗੰਦਾ ਪਾਣੀ ਪੀਣ ਨਾਲ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਵਿੱਚ ਕਰੀਬ 12-13 ਲੋਕਾਂ ਦੀ ਮੌਤ ਹੋ ਗਈ ਹੈ ਤੇ ਸੈਂਕੜੇ ਹਸਪਤਾਲਾਂ ਵਿੱਚ ਦਾਖ਼ਲ ਹਨ । ਜਿਸ ਤਰ੍ਹਾਂ ਦਾ ਦੂਸ਼ਿਤ ਪਾਣੀ ਨਹਿਰਾਂ ਰਾਹੀਂ ਫ਼ਰੀਦਕੋਟ, ਮੋਗਾ, ਮੁਕਤਸਰ, ਫ਼ਾਜ਼ਿਲਕਾ, ਬਠਿੰਡਾ ਅਤੇ ਮਾਨਸਾ ਵਿੱਚ ਸਪਲਾਈ ਹੋ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਇੱਥੇ ਵੀ ਅਜਿਹੀ ਦੁਰਘਟਨਾ ਵਾਪਰ ਸਕਦੀ ਹੈ । ਇਸ ਦਾ ਕਾਰਨ ਇਹ ਹੈ ਕਿ ਪਿਛਲੇ ਸਾਲ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਨੇ ਘੋਸ਼ਣਾ ਕੀਤੀ ਸੀ ਕਿ ਪੰਜਾਬ ਦੀਆਂ ਨਹਿਰਾਂ ਦਾ ਪਾਣੀ ਐਨਾ ਪ੍ਰਦੂਸ਼ਿਤ ਤੇ ਜ਼ਹਿਰੀਲਾ ਹੋ ਗਿਆ ਹੈ ਕਿ ਹੁਣ ਪੀਣ ਯੋਗ ਨਹੀਂ ਰਿਹਾ । ਪੰਜਾਬ ਦਾ ਨਾਮ ਪੰਜ ਪਾਣੀਆਂ (ਪੰਜ-ਆਬ) ਤੋਂ ਪਿਆ ਸੀ ਤੇ ਇਹ ਭਾਰਤ ਦਾ ਇੱਕੋ-ਇੱਕ ਸੂਬਾ ਹੈ ਜਿਸ ਦਾ ਨਾਮਕਰਣ ਪਾਣੀ ਕਾਰਨ ਹੋਇਆ ਹੈ । ਵੰਡ ਵੇਲੇ ਢਾਈ ਦਰਿਆ ਲਹਿੰਦੇ ਪੰਜਾਬ ਨੂੰ ਚਲੇ ਗਏ ਸਨ ਤੇ ਢਾਈ ਚੜ੍ਹਦੇ ਪੰਜਾਬ ਕੋਲ ਰਹਿ ਗਏ, ਸਤਲੁਜ, ਵਿਆਸ ਅਤੇ ਅੱਧਾ ਰਾਵੀ । ਰਾਵੀ ਦਾ ਕੁੱਝ ਪਾਣੀ ਤਾਂ ਨਹਿਰ ਰਾਹੀਂ ਬਿਆਸ ਦਰਿਆ ਵਿੱਚ ਪਾ ਦਿੱਤਾ ਗਿਆ ਹੈ ਤੇ ਬਾਕੀ ਅੱਪਰ ਬਾਰੀ ਦੁਆਬ ਨਹਿਰੀ ਸਿਸਟਮ ਰਾਹੀਂ ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਖੇਤਾਂ ਨੂੰ ਸਿੰਜਦਾ ਹੈ । ਆਪਣੇ ਦਰਿਆਵਾਂ ਦਾ ਅਸੀਂ ਉਹ ਹਾਲ ਕਰ ਦਿੱਤਾ ਹੈ ਕਿ ਇਨ੍ਹਾਂ ਨੂੰ ਹੁਣ ਦਰਿਆ ਕਹਿਣਾ ਠੀਕ ਨਹੀਂ ਲੱਗਦਾ । ਬਿਆਸ ਤੇ ਸਤਲੁਜ, ਦੋਵੇਂ ਹੀ ਹਿਮਾਚਲ ਪ੍ਰਦੇਸ਼ ਤੋਂ ਪੰਜਾਬ ਵਿੱਚ ਪ੍ਰਵੇਸ਼ ਕਰਦੇ ਹਨ ਤੇ ਹਰੀਕੇ ਵਿਖੇ ਇਨ੍ਹਾਂ ਦਾ ਸੰਗਮ ਹੁੰਦਾ ਹੈ ਤੇ ਹਰੀਕੇ ਹੈੱਡਵਰਕਸ ਤੋਂ ਇਹ ਨਹਿਰਾਂ ਦੇ ਰੂਪ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਖੇਤਾਂ ਨੂੰ ਸਿੰਜਦੇ ਹਨ । ਇਨ੍ਹਾਂ ਦਰਿਆਵਾਂ ਦਾ ਪਾਣੀ ਹਜ਼ਾਰਾਂ ਖੇਤਾਂ ਦੀ ਸਿੰਜਾਈ ਕਰਦਾ ਹੈ ਤੇ ਲੱਖਾਂ ਲੋਕਾਂ ਦੀ ਪਿਆਸ ਬੁਝਾਉਂਦਾ ਹੈ । ਪੰਜਾਬ ਦੇ ਮਾਲਵਾ ਖੇਤਰ ਦਾ ਧਰਤੀ ਹੇਠਲਾ ਪਾਣੀ ਖਰਾਬ ਹੋਣ ਕਾਰਨ ਨਾ ਤਾਂ ਪੀਤਾ ਜਾ ਸਕਦਾ ਹੈ ਤੇ ਨਾ ਹੀ ਫ਼ਸਲਾਂ ਦੀ ਸਿੰਜਾਈ ਲਈ ਵਰਤਿਆ ਜਾ ਸਕਦਾ ਹੈ । ਇਸ ਇਲਾਕੇ ਦੇ ਲੋਕਾਂ ਦੇ ਜੀਵਨ ਦੀ ਇੱਕੋ-ਇੱਕ ਆਸ ਇਨ੍ਹਾਂ ਦਰਿਆਵਾਂ ਦਾ ਪਾਣੀ ਹੀ ਹੈ । ਸਤਲੁਜ ਵਿੱਚੋਂ ਨੰਗਲ ਤੋਂ ਭਾਖੜਾ ਤੇ ਰੋਪੜ ਤੋਂ ਸਰਹਿੰਦ ਨਹਿਰ ਨਿਕਲਦੀ ਹੈ । ਰੋਪੜ ਹੈੱਡਵਰਕਸ ਤੋਂ ਸਤਲੁਜ ਦਰਿਆ ਇੱਕ ਤਰ੍ਹਾਂ ਨਾਲ ਖ਼ਤਮ ਹੀ ਹੋ ਜਾਂਦਾ ਹੈ । ਦਰਿਆ ’ਤੇ ਬਣੇ ਪੁਲ ਹੇਠਲੇ ਗੇਟ ਬੰਦ ਕਰ ਕੇ ਸਾਰੇ ਦਾ ਸਾਰਾ ਪਾਣੀ ਸਰਹਿੰਦ ਨਹਿਰ ਵਿੱਚ ਪਾ ਦਿੱਤਾ ਜਾਂਦਾ ਹੈ । ਸਿਰਫ਼ ਬਰਸਾਤ ਜਾਂ ਨਹਿਰੀ ਬੰਦੀ ਦੇ ਦਿਨਾਂ ਵਿੱਚ ਹੀ ਵਾਧੂ ਪਾਣੀ ਅੱਗੇ ਛੱਡਿਆ ਜਾਂਦਾ ਹੈ ।

ਬਿਆਸ ਦਾ ਪਾਣੀ ਜੋ ਹਰੀਕੇ ਪਹੁੰਚਦਾ ਹੈ, ਉਹ ਫਿਰ ਵੀ ਕੁੱਝ ਵਰਤਣਯੋਗ ਹੈ, ਕਿਉਂਕਿ ਬਿਆਸ ਦੇ ਕਿਨਾਰਿਆਂ ’ਤੇ ਕੁਦਰਤੀ ਹੀ ਪੰਜਾਬ ਦਾ ਕੋਈ ਵੱਡਾ ਸ਼ਹਿਰ ਨਹੀਂ ਵਸਿਆ ਹੋਇਆ । ਪਰ ਹੁਣ ਬਿਆਸ ਦੇ ਕੰਢਿਆਂ ਉੱਤੇ ਵੀ ਫ਼ੈਕਟਰੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ ਜਿਵੇਂ ਜ਼ਿਲ੍ਹਾ ਗੁਰਦਾਸਪੁਰ ਦੇਪਿੰਡ ਕੀੜੀ ਅਫ਼ਗਾਨਾ ਵਿਚਲੀ ਸ਼ਰਾਬ ਫੈਕਟਰੀ, ਜਿਸ ਨੇ ਕੁੱਝ ਸਾਲ ਪਹਿਲਾਂ ਗੰਦਾ ਪਾਣੀ ਬਿਆਸ ਵਿੱਚ ਛੱਡ ਕੇ ਲੱਖਾਂ ਮੱਛੀਆਂ ਮਾਰ ਦਿੱਤੀਆਂ ਸਨ ਤੇ ਪਾਣੀ ਨੂੰ ਪਲੀਤ ਕਰ ਦਿੱਤਾ ਸੀ । ਪਰ ਸਤਲੁਜ ਵਿੱਚ ਗੰਦਗੀ ਹਿਮਾਚਲ ਤੋਂ ਹੀ ਪੈਣੀ ਸ਼ੁਰੂ ਹੋ ਜਾਂਦੀ ਹੈ ਤੇ ਇਹ ਪੰਜਾਬ ਦਾ ਸਭ ਤੋਂ ਵੱਧ ਪ੍ਰਦੂਸ਼ਤ ਦਰਿਆ ਬਣ ਗਿਆ ਹੈ । ਹਿਮਾਚਲ ਦੇ ਸ਼ਹਿਰਾਂ ਦੇ ਸੀਵਰਾਂ ਤੋਂ ਇਲਾਵਾ ਨਾਲਾਗੜ੍ਹ, ਬੱਦੀ ਅਤੇ ਬਰੋਟੀਵਾਲਾ ਆਦਿ ਦੇ ਕਾਫ਼ੀ ਉਦਯੋਗਾਂ ਦਾ ਸਾਰਾ ਅਣਸੋਧਿਆ ਜ਼ਹਿਰ ਸਤਲੁਜ ਵਿੱਚ ਪਾਇਆ ਜਾ ਰਿਹਾ ਹੈ । ਪੰਜਾਬ ਨੇ ਕਈ ਵਾਰ ਹਿਮਾਚਲ ਅੱਗੇ ਗੰਦੇ ਪਾਣੀ ਸੰਬੰਧੀ ਇਤਰਾਜ਼ ਉਠਾਏ ਹਨ । ਇਸੇ ਤਰ੍ਹਾਂ ਰਾਜਸਥਾਨ ਵਾਲੇ ਪੰਜਾਬ ਨੂੰ ਗੰਦਗੀ ਦਰਿਆਵਾਂ ਵਿੱਚ ਪੈਣ ਤੋਂ ਰੋਕਣ ਲਈ ਬੇਨਤੀਆਂ ਕਰਦੇ ਰਹਿੰਦੇ ਹਨ, ਪਰ ਕਿਸੇ ਦੀ ਮੰਨਦਾ ਕੋਈ ਨਹੀਂ । ਜੇ ਰੋਪੜ ਤੋਂ ਸਤਲੁਜ ਦਾ ਪਾਣੀ ਖ਼ਤਮ ਹੋ ਜਾਂਦਾ ਹੈ ਤਾਂ ਫਿਰ ਹਰੀਕੇ ਪੱਤਣ ਤੱਕ ਇਸ ਦਾ ਪਾਣੀ ਕਿਵੇਂ ਪਹੁੰਚਦਾ ਹੈ ? ਗੱਲ ਵਿਚਾਰਨਯੋਗ ਹੈ । ਸਰਹਿੰਦ ਨਹਿਰ ਵਿੱਚ ਛੱਡੇ ਸਤਲੁਜ ਦੇ ਪਾਣੀ ਦੀ ਪੂਰਤੀ ਲੁਧਿਆਣਾ ਤੇ ਜਲੰਧਰ ਸ਼ਹਿਰਾਂ ਦੇ ਸੀਵਰੇਜ਼ ਦੁਆਰਾ ਹੁੰਦੀ ਹੈ । ਸੀਵਰੇਜ਼ ਦਾ ਸਾਰਾ ਗੰਦਾ ਪਾਣੀ ਬਿਨਾਂ ਕਿਸੇ ਟਰੀਟਮੈਂਟ ਦੇਬੁੱਢੇ ਨਾਲੇ ਅਤੇ ਕਾਲਾ ਸੰਘਿਆਂ ਆਦਿ ਡਰੇਨਾਂ ਰਾਹੀਂ ਸਤਲੁਜ ਵਿੱਚ ਸੁੱਟ ਦਿੱਤਾ ਜਾਂਦਾ ਹੈ । ਇਸ ਵਿੱਚ ਲੱਖਾਂ ਟਨ ਮਨੁੱਖੀ ਮਲ ਮੂਤਰ, ਕੈਮੀਕਲ, ਭਾਰੇ ਤੱਤ, ਚਮੜਾ ਅਤੇ ਕੱਪੜਾ ਰੰਗਾਈ ਫ਼ੈਕਟਰੀਆਂ ਦਾ ਗੰਦ-ਮੰਦ ਸ਼ਾਮਲ ਹੈ । 2011 ਦੀ ਜਨਗਣਨਾ ਮੁਤਾਬਕ ਲੁਧਿਆਣੇ ਦੀ ਆਬਾਦੀ 1650000 ਸੀ । ਐਨੀ ਆਬਾਦੀ ਦਾ ਰੋਜ਼ਾਨਾ ਦਾ ਮਲ-ਮੂਤਰ ਹੀ ਅੱਠ ਲੱਖ ਟਨ ਦੇ ਕਰੀਬ ਬਣਦਾ ਹੈ । ਇਸ ਲਈ ਹਰੀਕੇ ਪਹੁੰਚਣ ਵਾਲੇ ਸਤਲੁਜ ਨੂੰ ਦਰਿਆ ਦੀ ਬਜਾਏ ਗੰਦਾ ਨਾਲਾ ਕਹਿਣਾ ਜ਼ਿਆਦਾ ਯੋਗ ਹੋਵੇਗਾ ।



ਹਰੀਕੇ ਹੈੱਡਵਰਕਸ ਤੋਂ ਨਿਕਲਣ ਵਾਲੇ ਇੰਦਰਾ ਗਾਂਧੀ ਨਹਿਰੀ ਸਿਸਟਮ ਦਾ ਪਾਣੀ ਪੰਜਾਬ ਦੇ ਫ਼ਰੀਦਕੋਟ, ਫਿਰੋਜ਼ਪੁਰ, ਮੁਕਤਸਰ, ਫ਼ਾਜ਼ਿਲਕਾ, ਬਠਿੰਡਾ, ਹਰਿਆਣੇ ਦੇ ਸਰਸਾ ਅਤੇ ਰਾਜਸਥਾਨ ਦੇ ਬਾੜਮੇਰ, ਬੀਕਾਨੇਰ, ਚੁਰੂ, ਹਨੂੰਮਾਨਗੜ੍ਹ, ਗੰਗਾਨਗਰ ਅਤੇ ਜੈਸਲਮੇਰ ਜ਼ਿਲ੍ਹਿਆਂ ਵਿੱਚ ਸਿੰਚਾਈ ਅਤੇ ਪੀਣ ਲਈ ਵਰਤਿਆ ਜਾਂਦਾ ਹੈ । ਇਨ੍ਹਾਂ ਜ਼ਿਲਿਆਂ ਦੇ ਲੋਕਾਂ ਦੀ ਇਹ ਤ੍ਰਾਸਦੀ ਹੈ ਕਿ ਜੇ ਉਹ ਇਹ ਪ੍ਰਦੂਸ਼ਤ ਪਾਣੀ ਦੀ ਵਰਤੋਂ ਕਰਦੇ ਹਨ ਤਾਂ ਮਰੇ, ਜੇ ਨਹੀਂ ਕਰਦੇ ਤਾਂ ਮਰੇ । ਹਰੀਕੇ ਹੈੱਡਵਰਕਸ ’ਤੇ ਖੜ੍ਹੇ ਹੋ ਕੇ ਇਨ੍ਹਾਂ ਨਹਿਰਾਂ ਵਿੱਚ ਪ੍ਰਵੇਸ਼ ਕਰ ਰਹੇ ਪਾਣੀ ਨੂੰ ਵੇਖ ਕੇ ਦਿਲ ਖਰਾਬ ਹੋ ਜਾਂਦਾ ਹੈ । ਕਾਲਾ ਮੁਸ਼ਕ ਮਾਰਦਾ ਗੰਦਾ ਪਾਣੀ ਝੱਗ ਛੱਡਦਾ ਸਾਫ਼ ਦਿਖਾਈ ਦੇਂਦਾ ਹੈ । ਜਦੋਂ ਕਦੇ ਨਹਿਰੀ ਬੰਦੀ ਵੇਲੇ ਇਨ੍ਹਾਂ ਨਹਿਰਾਂ ਵਿੱਚ ਪਾਣੀ ਘੱਟ ਜਾਂਦਾ ਹੈ ਤਾਂ ਸਿਰਫ਼ ਗੰਦੇ ਨਾਲੇ ਦੇ ਪਾਣੀ ਵਰਗਾ ਬਦਬੂਦਾਰ ਤਰਲ ਵੀ ਵਗਦਾ ਦਿਖਾਈ ਦੇਂਦਾ ਹੈ । ਇਹੋ ਪਾਣੀ ਪਿੰਡਾਂ ਅਤੇ ਸ਼ਹਿਰਾਂ ਦੇ ਵਾਟਰ ਵਰਕਸਾਂ ਰਾਹੀਂ ਲੋਕਾਂ ਨੂੰ ਪੀਣ ਲਈ ਸਪਲਾਈ ਕੀਤਾ ਜਾਂਦਾ ਹੈ । ਇਸ ਦੂਸ਼ਿਤ ਪਾਣੀ ਨੇ ਮਾਲਵਾ ਖੇਤਰ ਦੇ ਲੋਕਾਂ ਦੀ ਸਿਹਤ ਦਾ ਸਤਿਆਨਾਸ ਕਰ ਕੇ ਰੱਖ ਦਿੱਤਾ ਹੈ । ਕੈਂਸਰ ਮਹਾਮਾਰੀ ਵਾਂਗ ਇਲਾਕੇ ਵਿੱਚ ਫੈਲ ਚੁੱਕਾ ਹੈ । ਬੀਕਾਨੇਰ ਨੂੰ ਜਾਣ ਵਾਲੀ ਗੱਡੀ ਦਾ ਨਾਂ ਹੀ ਕੈਂਸਰ ਐਕਸਪ੍ਰੈਸ ਪੈ ਗਿਆ ਹੈ । ਭਲਾ ਹੋਵੇ ਉਸ ਇਨਸਾਨ ਦਾ ਜਿਸ ਨੇ ਬੀਕਾਨੇਰ ਦਾ ਮੁਫ਼ਤ ਕੈਂਸਰ ਹਸਪਤਾਲ ਬਣਾ ਕੇ ਲੋਕਾਈ ਦਾ ਭਲਾ ਕੀਤਾ ਹੈ, ਨਹੀਂ ਤਾਂ ਗਰੀਬ ਜਨਤਾ ਨੇ ਤਾਂ ਬਗੈਰ ਇਲਾਜ ਦੇ ਹੀ ਮਰ ਜਾਣਾ ਸੀ ।

ਜੋ ਹਾਲ ਅਸੀਂ ਸਾਰਿਆਂ ਨੇ ਰਲ ਮਿਲ ਕੇ ਪੰਜਾਬ ਦੇ ਪਾਣੀਆਂ ਦਾ ਕੀਤਾ ਹੈ, ਉਹ ਵੇਖ ਕੇ ਤਾਂ ਰੱਬ ਵੀ ਪਛਤਾਉਂਦਾ ਹੋਵੇਗਾ ਕਿ ਕਿਉਂ ਮੈਂ ਇਨ੍ਹਾਂ ਅਕ੍ਰਿਤਘਣ ਲੋਕਾਂ ਨੂੰ ਐਨੇ ਜ਼ਿਆਦਾ ਦਰਿਆ ਦੇ ਦਿੱਤੇ ? ਅੱਜ ਸਾਰੇ ਪੰਜਾਬ ਵਿੱਚ ਕੋਈ ਨਲਕੇ ਦਾ ਪਾਣੀ ਨਹੀਂ ਪੀ ਸਕਦਾ । ਘਰ ਆਇਆ ਮਹਿਮਾਨ ਵੀ ਪੀਣ ਤੋਂ ਪਹਿਲਾਂ ਪੁੱਛਦਾ ਹੈ ਕਿ ਕੀ ਇਹ ਪਾਣੀ ਆਰ.ਓ. ਦਾ ਹੈ ? ਸ਼ਹਿਰਾਂ ਵਿੱਚ ਸੀਵਰ ਅਤੇ ਪਿੰਡਾਂ ਵਿੱਚ ਟਾਇਲਟਾਂ ਦੀਆਂ ਗਰਕੀਆਂ ਨੇ ਧਰਤੀ ਹੇਠਲੇ ਪਾਣੀ ਨੂੰ ਜ਼ਹਿਰ ਬਣਾ ਕੇ ਰੱਖ ਦਿੱਤਾ ਹੈ । ਅੱਜਕਲ ਪੰਜਾਬ ਵਿੱਚ ਕੈਂਸਰ ਹਸਪਤਾਲ ਬਣਾਉਣ ਦਾ ਬਹੁਤ ਪ੍ਰਚਾਰ ਹੋ ਰਿਹਾ ਹੈ । ਕੈਂਸਰ ਹੋਣ ਤੋਂ ਬਾਅਦ ਇਲਾਜ ਕਰਨ ਨਾਲੋਂ ਤਾਂ ਇਹ ਚੰਗਾ ਹੈ ਕਿ ਕੈਂਸਰ ਹੋਣ ਹੀ ਨਾ ਦਿੱਤਾ ਜਾਵੇ । ਪੱਛਮੀ ਦੇਸ਼ਾਂ ਵਿੱਚ ਸ਼ਹਿਰਾਂ ਨੂੰ ਦਰਿਆਵਾਂ ਦਾ ਪਾਣੀ ਹੀ ਪੀਣ ਲਈ ਸਪਲਾਈ ਕੀਤਾ ਜਾਂਦਾ ਹੈ । ਵਰਤੋਂ ਤੋਂ ਬਾਅਦ ਗੰਦੇ ਪਾਣੀ ਨੂੰ ਸੋਧ ਕੇ ਵਾਪਸ ਦਰਿਆ ਵਿੱਚ ਪਾ ਦਿੱਤਾ ਜਾਂਦਾ ਹੈ । ਉਸ ਪਾਣੀ ਨੂੰ ਗਲਾਸ ਵਿੱਚ ਭਰ ਕੇ ਕੋਈ ਦੱਸ ਨਹੀਂ ਸਕਦਾ ਕਿ ਇਹ ਸੀਵਰੇਜ਼ ਦਾ ਪਾਣੀ ਹੈ, ਨਾ ਕੋਈ ਗੰਦਗੀ, ਨਾ ਮੁਸ਼ਕ ਅਤੇ ਨਾ ਹੀ ਕੋਈ ਕੈਮੀਕਲ । ਜੇ ਸ਼ਹਿਰਾਂ-ਪਿੰਡਾਂ ਦਾ ਗੰਦਾ ਪਾਣੀ ਪੱਛਮੀ ਦੇਸ਼ਾਂ ਵਾਂਗ ਟਰੀਟਮੈਂਟ ਪਲਾਟਾਂ ਰਾਹੀਂ ਸਾਫ਼ ਕਰ ਕੇ ਦਰਿਆਵਾਂ ਵਿੱਚ ਪਾਇਆ ਜਾਵੇ ਤਾਂ ਇਸ ਨਾਲ ਲੋਕਾਂ ਦੀ ਸਿਹਤ ਠੀਕ ਰਹੇਗੀ ਤੇ ਸਰਕਾਰੀ ਖ਼ਜ਼ਾਨੇ ਦਾ ਕਰੋੜਾਂ ਰੁਪਿਆ ਵੀ ਬਚ ਜਾਵੇਗਾ ।

# ਬਾਗਬਾਨਾਂ ਲਈ ਵਰਦਾਨ ਸ਼ਹਿਦ ਮੱਖੀ ਪਾਲਣ

**ਸ਼ਹਿਦ ਮੱਖੀਆਂ ਦੀਆਂ ਕਿਸਮਾਂ** : ਸ਼ਹਿਦ ਦੀਆਂ ਮੱਖੀਆਂ ਦੀਆਂ ਚਾਰ ਕਿਸਮਾਂ ਹਨ-ਡੂਮਣਾ ਮੱਖੀ, ਛੋਟੀ ਜਾਂ ਲੱਡੂ ਮੱਖੀ, ਹਿੰਦੁਸਤਾਨੀ ਮੱਖੀ ਅਤੇ ਯੂਰੋਪੀਅਨ ਮੱਖੀ। ਇਨ੍ਹਾਂ ਵਿੱਚੋਂ ਯੂਰੋਪੀਅਨ ਮੱਖੀ ਨੂੰ ਪਾਲਣ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਹਨੇਰੀਆਂ ਥਾਵਾਂ 'ਤੇ ਛੱਤਾ ਬਣਾਉਂਦੀ ਹੈ, ਇਸ ਲਈ ਇਹ ਲੱਕੜ ਦੇ ਬੰਦ ਬਕਸਿਆਂ 'ਚ ਪਾਲੀ ਜਾ ਸਕਦੀ ਹੈ। ਇਸ ਤੋਂ ਪ੍ਰਤੀ ਕਟੁੰਬ ਸਾਲਾਨਾ 15-20 ਕਿਲੋ ਸ਼ਹਿਦ ਪ੍ਰਾਪਤ ਹੁੰਦਾ ਹੈ। ਇਹ ਕਿਸਮ ਗਰਮੀ ਨੂੰ ਵੀ ਆਸਾਨੀ ਨਾਲ ਸਹਾਰ ਸਕਦੀ ਹੈ, ਇਸ ਲਈ ਇਹ ਪੰਜਾਬ ਦੇ ਮੈਦਾਨੀ ਇਲਾਕਿਆਂ 'ਚ ਪਾਲਣ ਲਈ ਬੇਹੱਦ ਢੁੱਕਵੀਂ ਹੈ।

ਸ਼ਹਿਦ ਦੀਆਂ ਮੱਖੀਆਂ ਪਾਲਣ ਤੋਂ ਭਾਵ ਮੱਖੀਆਂ ਨੂੰ ਛੱਤਿਆਂ ਵਾਲੇ ਲੱਕੜ ਦੇ ਬਕਸਿਆਂ 'ਚ ਪਾਲਣਾ ਹੈ। ਉਨ੍ਹਾਂ ਪਾਸੋਂ ਸ਼ਹਿਦ ਤੇ ਹੋਰ ਪਦਾਰਥ ਲੈਣੇ ਅਤੇ ਫਸਲਾਂ ਦੇ ਪਰਪਰਾਗਣ ਲਈ ਉਨ੍ਹਾਂ ਵਾਸਤੇ ਲੋੜੀਂਦੇ ਪ੍ਰਬੰਧ ਕਰਨਾ ਹੈ। ਪੰਜਾਬ ਵਿੱਚ ਦੂਜੇ ਸੂਬਿਆਂ ਨਾਲੋਂ ਸ਼ਹਿਦ ਦੀਆਂ ਮੱਖੀਆਂ ਦੇ ਕਾਫੀ ਜ਼ਿਆਦਾ ਕਟੁੰਬ ਪਾਲੇ ਜਾਂਦੇ ਹਨ ਪਰ ਜੇਕਰ ਪੰਜਾਬ ਵਿਚ ਮਿਲਣ ਵਾਲੇ ਕੁੱਲ ਫੁੱਲ-ਫੁਲਾਕੇ 'ਤੇ ਝਾਤੀ ਮਾਰੀ ਜਾਵੇ ਤਾਂ ਇਸ ਉੱਪਰ ਮੱਖੀਆਂ ਦੇ 12 ਲੱਖ ਕਟੁੰਬ ਪਾਲੇ ਜਾ ਸਕਦੇ ਹਨ ਜੋ ਮੌਜੂਦਾ ਸਮੇਂ ਪਾਲੇ ਜਾ ਰਹੇ ਕਟੁੰਬਾਂ ਨਾਲੋਂ ਕਾਫੀ ਘੱਟ ਹਨ।

**ਲਾਭਕਾਰੀ ਸਹਾਇਕ ਕਿੱਤਾ** : ਬਾਗਬਾਨੀ ਅਤੇ ਜੰਗਲਾਤੀ ਫਸਲਾਂ ਬੀਜਣ ਵਾਲੇ ਕਿਸਾਨ ਸ਼ਹਿਦ ਮੱਖੀ ਪਾਲਣ ਦਾ ਕਿੱਤਾ ਬਹੁਤ ਆਸਾਨੀ ਨਾਲ ਅਪਣਾ ਸਕਦੇ ਹਨ। ਸ਼ਹਿਦ ਦੀਆਂ ਮੱਖੀਆਂ ਦੇ ਬਕਸੇ ਨਾਸ਼ਪਾਤੀ, ਆੜੂ, ਅਲੂਚਾ, ਲੀਚੀ, ਬੇਰ, ਅਮਰੂਦ, ਨਿੰਬੂ ਜਾਤੀ ਦੇ ਬੂਟੇ, ਸੇਬ, ਬਾਦਾਮ, ਟਾਹਲੀ, ਸਫੈਦਾ ਆਦਿ ਦੇ ਬਾਗਾਂ 'ਚ ਰੱਖੇ ਜਾ ਸਕਦੇ ਹਨ। ਇਨ੍ਹਾਂ ਫਸਲਾਂ ਦਾ ਇਕ ਏਕੜ ਦਾ ਫੁੱਲ-ਫੁਲਾਕਾ 2-3 ਬਕਸਿਆਂ ਨੂੰ ਆਸਾਨੀ ਨਾਲ ਪਾਲ ਸਕਦਾ ਹੈ। ਨਾਸ਼ਪਾਤੀ, ਆੜੂ, ਅਲੂਚਾ ਆਦਿ ਦੇ ਬਾਗਾਂ ਵਿਚ ਬਕਸਿਆਂ ਨੂੰ ਗਰਮੀਆਂ ਵਿਚ ਛਾਂਵੇਂ ਅਤੇ ਸਰਦੀਆਂ ਵਿੱਚ ਧੁੱਪੇ ਰੱਖਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਇਨ੍ਹਾਂ ਬਾਗਾਂ ਦੇ ਬੂਟੇ ਸਰਦੀਆਂ 'ਚ ਆਪਣੇ ਪੱਤੇ ਝਾੜ ਦਿੰਦੇ ਹਨ ਅਤੇ ਧੁੱਪ ਲਈ ਰੁਕਾਵਟ ਨਹੀਂ ਬਣਦੇ।

**ਫਸਲਾਂ ਦੇ ਪਰ-ਪਰਾਗਣ ਦੀ ਮਹੱਤਤਾ** : ਭਾਰਤ ਵਿੱਚ 500 ਲੱਖ ਹੈਕਟੇਅਰ ਜ਼ਮੀਨ 'ਤੇ ਹੋਣ ਵਾਲੀ ਫਸਲ ਪਰ-ਪਰਾਗਣ ਲਈ ਸ਼ਹਿਦ ਦੀਆਂ ਮੱਖੀਆਂ 'ਤੇ ਨਿਰਭਰ ਹੈ। ਸੇਬ ਵਿੱਚ ਪਰ-ਪਰਾਗਣ ਪੂਰੀ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਤੇ ਨਿਰਭਰ ਹੈ। ਇਨ੍ਹਾਂ ਦੀ ਗੈਰ-ਮੌਜੂਦਗੀ 'ਚ ਸੇਬ ਦੇ ਦਰੱਖਤਾਂ 'ਤੇ ਫੁੱਲ ਤਾਂ ਆਉਣਗੇ ਪਰ ਇਹ ਫਲ ਵਿੱਚ ਤਬਦੀਲ ਨਹੀਂ ਹੋ ਪਾਉਣਗੇ। ਨਵੀਨਤਮ ਖੋਜਾਂ ਅਨੁਸਾਰ ਸ਼ਹਿਦ ਦੀਆਂ ਮੱਖੀਆਂ ਦੀਆਂ 3 ਤੋਂ 5 ਕਲੋਨੀਆਂ ਪ੍ਰਤੀ ਏਕੜ ਰੱਖਣ ਨਾਲ ਲੀਚੀ ਵਿੱਚ 20 ਫੀਸਦੀ ਅਤੇ ਬਾਦਾਮ ਦੇ ਝਾੜ ਵਿੱਚ 50-75 ਫੀਸਦੀ ਵਾਧਾ ਹੁੰਦਾ ਹੈ।

**ਮੱਖੀ ਪਾਲਣ ਲਈ ਉਪਯੋਗੀ ਬਾਗ** : ਸ਼ਹਿਦ ਦੀਆਂ ਮੱਖੀਆਂ ਫੁੱਲਾਂ ਤੋਂ ਨੈਕਟਰ ਅਤੇ ਪੋਲਨ ਇਕੱਠਾ ਕਰਦੀਆਂ ਹਨ। ਇਸ ਦੇ ਬਦਲੇ ਉਹ ਪਰਾਗਣ ਕਰ ਕੇ ਫਲਾਂ ਦੀ ਉਪਜ 'ਚ ਵਾਧਾ ਕਰਦੀਆਂ ਹਨ। ਇਸ ਲਈ ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਧੰਦੇ ਦੀ ਕਾਮਯਾਬੀ ਉਸ ਇਲਾਕੇ ਵਿੱਚ ਮੌਜੂਦ ਫੁੱਲਾਂ 'ਤੇ ਨਿਰਭਰ ਕਰਦੀ ਹੈ। ਖੁਰਾਕ ਇਕੱਠੀ ਕਰਨ ਲਈ ਸ਼ਹਿਦ ਦੀਆਂ ਮੱਖੀਆਂ ਫਲਦਾਰ ਬੂਟਿਆਂ ਦੀਆਂ 26 ਕਿਸਮਾਂ ਅਤੇ ਜੰਗਲਾਤੀ ਰੁੱਖਾਂ ਦੀਆਂ 9 ਕਿਸਮਾਂ ਦੇ ਫੁੱਲਾਂ ਉੱਪਰ ਜਾਂਦੀਆਂ ਹਨ। ਬਾਗਬਾਨੀ ਵਿਚ ਆੜੂ ਉੱਪਰ ਫਰਵਰੀ-ਮਾਰਚ 'ਚ ਨਾਸ਼ਪਾਤੀ ਉੱਪਰ ਮਾਰਚ ਮਹੀਨੇ, ਅਲੂਚੇ ਦੇ ਬੂਟਿਆਂ ਉੱਪਰ ਮਾਰਚ ਵਿਚ, ਕਿੰਨੂ 'ਤੇ ਮਾਰਚ, ਲੀਚੀ ਉੱਪਰ ਮਾਰਚ-ਅਪ੍ਰੈਲ ਅਤੇ ਅਮਰੂਦ ਦੇ ਬੂਟਿਆਂ ਉੱਪਰ ਮਈ-ਜੂਨ ਅਤੇ ਸਤੰਬਰ-ਅਕਤੂਬਰ ਵਿੱਚ ਫੁੱਲ ਲਗਦੇ ਹਨ। ਇਸੇ ਤਰ੍ਹਾਂ ਟਾਹਲੀ



ਦੇ ਰੁੱਖਾਂ ਉੱਪਰ ਅਤੇ ਸਫੈਦੇ ਦੇ ਰੁੱਖਾਂ ਉੱਪਰ ਨਵੰਬਰ ਅਤੇ ਅਪ੍ਰੈਲ ਵਿੱਚ ਫੁੱਲ ਲਗਦੇ ਹਨ। ਇਸ ਤੋਂ ਜ਼ਾਹਿਰ ਹੈ ਕਿ ਬਸੰਤ ਰੁੱਤ ਵਿੱਚ ਸਭ ਤੋਂ ਵੱਧ ਤਰ੍ਹਾਂ ਦਾ ਫੁੱਲ-ਫੁਲਾਕਾ ਪ੍ਰਾਪਤ ਹੁੰਦਾ ਹੈ। ਫਰਵਰੀ ਤੋਂ ਸ਼ੁਰੂ ਹੋ ਕੇ ਸ਼ਹਿਦ ਦੀਆਂ ਮੱਖੀਆਂ ਸਫੈਦਾ, ਆੜੂ, ਨਾਸ਼ਪਾਤੀ ਆਦਿ ਦੇ ਫੁੱਲਾਂ ਤੋਂ ਖੁਰਾਕ ਇਕੱਠੀ ਕਰਦੀਆਂ ਹਨ। ਇਹ ਸੋਮੇ ਮੱਖੀਆਂ ਲਈ ਬਰੂਡ ਪਾਉਣ 'ਚ ਸਹਾਈ ਹੁੰਦੇ ਹਨ। ਬਾਅਦ ਵਿੱਚ ਮੱਖੀਆਂ ਬਰਸੀਮ ਤੋਂ ਸ਼ਹਿਦ ਇਕੱਠਾ ਕਰਦੀਆਂ ਹਨ। ਮਾਰਚ ਮਹੀਨੇ ਵਿੱਚ ਸਫੈਦੇ ਤੋਂ ਇਕੱਠਾ ਕੀਤਾ ਸ਼ਹਿਦ ਵੀ ਕਟੁੰਬਾਂ ਵਿਚੋਂ ਕੱਢਿਆ ਜਾ ਸਕਦਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਟਾਹਲੀ, ਸਫੈਦਾ, ਕੜੀ ਪੱਤਾ, ਬਸੂਟੀ ਆਦਿ ਤੋਂ ਵੀ ਵਾਧੂ ਸ਼ਹਿਦ ਕੱਢਿਆ ਜਾ ਸਕਦਾ ਹੈ।

**ਬਕਸਿਆਂ ਲਈ ਥਾਂ ਦੀ ਚੋਣ** : ਉਹ ਥਾਂ, ਜਿੱਥੇ ਸਾਰਾ ਸਾਲ ਫੁੱਲ-ਫੁਲਾਕਾ, ਤਾਜ਼ਾ ਪਾਣੀ, ਘੱਟ ਤੋਂ ਘੱਟ ਖੜਕਾ ਅਤੇ ਟ੍ਰੈਕਟਰ ਟਰਾਲੀ ਆਦਿ ਪਹੁੰਚਣ ਦੀ ਸੌਖ ਹੋਵੇ, ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਬੇਹੱਦ ਢੁੱਕਵੀ ਹੈ। ਥਾਂ ਪੱਧਰੀ ਸਾਫ ਹੋਵੇ ਅਤੇ ਬਰਸਾਤ ਰੁੱਤੇ ਉੱਚੀ ਅਤੇ ਹਵਾਦਾਰ ਹੋਵੇ ਤਾਂ ਕਿ ਕਟੁੰਬਾਂ ਨੂੰ ਬਰਸਾਤ ਦੇ ਪਾਣੀ ਅਤੇ ਵਧੇਰੇ ਨਮੀਂ ਤੋਂ ਬਚਾਇਆ ਜਾ ਸਕੇ। ਬਕਸੇ ਗਰਮੀਆਂ ਵਿੱਚ ਛਾਂਵੇਂ ਅਤੇ ਸਰਦੀਆਂ ਵਿਚ ਧੁੱਪੇ ਰੱਖੋ। ਬਕਸਿਆਂ ਦੇ ਦਰਵਾਜ਼ੇ ਦੱਖਣ-ਪੂਰਬੀ ਦਿਸ਼ਾ 'ਚ ਰੱਖੇ ਜਾਣ। ਇਸ ਤਰ੍ਹਾਂ ਮੱਖੀਆਂ ਸਵੇਰੇ ਕੰਮ ਲਈ ਜਲਦੀ ਨਿਕਲ ਜਾਂਦੀਆਂ ਹਨ ਅਤੇ ਦੇਰ ਤੱਕ ਕੰਮ ਕਰਦੀਆਂ ਹਨ।

**ਢੁੱਕਵਾਂ ਸਮਾਂ** : ਪੰਜਾਬ ਵਿੱਚ ਸ਼ਹਿਦ ਦੀਆਂ ਮੱਖੀਆਂ ਪਾਲਣ ਦੀ ਸ਼ੁਰੂਆਤ ਲਈ ਦੋ ਢੁੱਕਵੇਂ ਸਮੇਂ ਫਰਵਰੀ-ਮਾਰਚ ਅਤੇ ਅਕਤੂਬਰ-ਨਵੰਬਰ ਹਨ। ਫਰਵਰੀ-ਮਾਰਚ ਜ਼ਿਆਦਾ ਢੁਕਵਾਂ ਹੈ ਕਿਉਂਕਿ ਇਸ ਸਮੇਂ ਫੁੱਲ-ਫੁਲਾਕਾ ਕਾਫੀ ਹੁੰਦਾ ਹੈ ਅਤੇ ਮੌਸਮ ਵੀ ਸੁਖਾਵਾਂ ਹੁੰਦਾ ਹੈ।

**ਕਟੁੰਬਾਂ ਦੀ ਖਰੀਦ** : ਸ਼ਹਿਦ ਦੀਆਂ ਮੱਖੀਆਂ ਦੇ ਕਟੁੰਬ ਕਿਸੇ ਰਜਿਸਟਰਡ ਸ਼ਹਿਦ ਮੱਖੀ ਪਾਲਕ ਕੋਲੋਂ ਹੀ ਖਰੀਦੋ। ਖਿਆਲ ਰਹੇ ਕਿ ਪੂਰੇ ਭਰੇ ਹੋਏ ਚਾਰ ਫਰੇਮਾਂ ਤੋਂ ਘੱਟ ਮੱਖੀਆਂ ਨਾ ਹੋਣ। ਰਾਣੀ ਮੱਖੀ ਗਰਭਵਤੀ ਹੋਵੇ। ਲੋੜੀਂਦੀ ਮਾਤਰਾ 'ਚ ਸ਼ਹਿਦ ਅਤੇ ਪੋਲਨ ਹੋਣਾ ਲਾਜ਼ਮੀ ਹੈ। ਅੰਡੇ ਸਹੀ, ਸੈੱਲਾਂ ਦੇ ਹੇਠਾਂ, ਵਿਚਕਾਰ ਅਤੇ ਹਰੇਕ ਸੈੱਲ ਵਿੱਚ ਇਕ-ਦੋ ਜ਼ਰੂਰ ਹੋਣ।

**ਬਕਸਿਆਂ ਦੀ ਸਥਿਤੀ** : ਠੀਕ ਥਾਂ ਤੇ ਲਿਜਾ ਕੇ ਬਕਸਿਆਂ ਨੂੰ ਘੱਟੋ ਘੱਟ 8 ਫੁੱਟ ਦੂਰੀ ਦੀਆਂ ਕਤਾਰਾਂ ਵਿੱਚ ਬਕਸੇ ਤੋਂ ਬਕਸੇ ਦੀ ਦੂਰੀ 6 ਫੁੱਟ ਰੱਖ ਕੇ ਟਿਕਾਉ। ਜੇ ਬਕਸਿਆਂ ਨੂੰ ਦੋ ਜਾਂ ਇਸ ਤੋਂ ਵੱਧ ਕਤਾਰਾਂ 'ਚ ਰੱਖਣਾ ਪਵੇ ਤਾਂ ਦੂਸਰੀ ਕਤਾਰ ਦੇ ਬਕਸੇ ਇਸ ਤਰ੍ਹਾਂ ਰੱਖੋ ਕਿ ਇਹ ਪਹਿਲੀ ਕਤਾਰ 'ਚ ਰੱਖੇ ਬਕਸਿਆਂ ਦੇ ਵਿਚਕਾਰ ਆ ਜਾਣ।

**ਕਟੁੰਬਾਂ ਦੀ ਸਾਂਭ-ਸੰਭਾਲ** : ਮੱਖੀਆਂ ਦੇ ਕਟੁੰਬ ਵਧਾਉਣ ਅਤੇ ਸ਼ਹਿਦ ਦੀ ਪ੍ਰਾਪਤੀ ਲਈ ਬਸੰਤ ਰੁੱਤ ਦਾ ਸਮਾਂ ਸਭ ਤੋਂ ਢੁੱਕਵਾਂ ਹੈ। ਇਸ ਮੌਸਮ 'ਚ ਫੁਲ-ਫੁਲਾਕਾ ਜ਼ਿਆਦਾ ਹੋਣ ਕਾਰਨ ਮੱਖੀਆਂ ਦੇ ਵਾਧਾ ਤੇਜ਼ੀ ਨਾਲ ਹੁੰਦਾ ਹੈ। ਇਸ ਲਈ ਬੁਨਿਆਦੀ ਸ਼ੀਟਾਂ ਲੱਗੇ ਲੱਕੜ ਦੇ ਫਰੇਮ ਦਿੰਦੇ ਰਹਿਣਾ ਚਾਹੀਦਾ ਹੈ। ਗਰਮੀ ਰੁੱਤ ਵਿੱਚ ਮੱਖੀਆਂ ਨੂੰ ਛਾਵੇਂ ਰੱਖੋ। ਕਟੁੰਬਾਂ ਨੂੰ ਹਵਾਦਾਰ ਬਣਾਉ ਅਤੇ ਖੰਡ ਦਾ ਘੋਲ ਤੇ ਪਰਾਗ ਪੂਰਕ ਫੀਡ ਦਿਉ। ਰੋਬਿੰਗ ਅਤੇ ਦੁਸ਼ਮਣਾਂ ਤੋਂ ਕੁਟੰਬਾਂ ਨੂੰ ਸੁਰੱਖਿਅਤ ਰੱਖੋ। ਸਰਦੀ ਰੁੱਤ ਵਿੱਚ ਕੁਟੰਬਾਂ ਨੂੰ ਧੁੱਪੇ ਰੱਖੋ ਅਤੇ ਲੋੜ ਅਨੁਸਾਰ ਅੰਦਰੂਨੀ ਅਤੇ ਬਾਹਰਲੀ ਪੈਕਿੰਗ ਦੇ ਕੇ ਮੱਖੀਆਂ ਨੂੰ ਨਿੱਘਾ ਰੱਖੋ।

**ਸਾਜ਼ੋ-ਸਾਮਾਨ** : ਸ਼ਹਿਦ ਦੀਆਂ ਮੱਖੀਆਂ ਪਾਲਣ ਲਈ ਦਸ ਫਰੇਮਾਂ ਵਾਲਾ ਬਕਸਾ, ਸਿਰ ਅਤੇ ਚਿਹਰੇ 'ਤੇ ਪਹਿਨਣ ਵਾਲੀ ਜਾਲੀ, ਫਰੇਮਾਂ ਨੂੰ ਹਿਲਾਉਣ ਵਾਲੀ ਖੁਰਪੀ, ਦਸਤਾਨੇ, ਪੋਲਨ ਕੁੜਿੱਕੀ, ਨਿਖੱਟੂ ਗਾਰਡ, ਰਾਣੀ ਸੈੱਲ ਬਚਾਉਣ ਵਾਲਾ ਯੰਤਰ ਅਤੇ ਧੂੰਆਂ ਦੇਣ ਲਈ ਧੌਂਕਣੀ ਹੋਣੇ ਲਾਜ਼ਮੀ ਹਨ। ਸ਼ਹਿਦ ਕੱਢਣ ਵਾਲੀ ਮਸ਼ੀਨ ਸਿਰਫ ਸ਼ਹਿਦ ਕੱਢਣ ਵੇਲੇ ਹੀ ਕੰਮ ਆਉਂਦੀ ਹੈ। ਇਸ ਲਈ ਇਹ ਕਿਰਾਏ 'ਤੇ ਵੀ ਲਈ ਜਾ ਸਕਦੀ ਹੈ। ਇਸ ਤੋਂ ਇਲਾਵਾ ਮੋਮ ਦੀਆਂ ਬੁਨਿਆਦੀ ਸ਼ੀਟਾਂ, ਰਾਣੀ ਨਿਖੇੜੂ ਜਾਲੀ, ਰਾਣੀ ਦਾ ਪਿੰਜਰਾ, ਸ਼ਹਿਦ ਦੇ ਸੈੱਲਾਂ ਦੀਆਂ ਟੋਪੀਆਂ ਲਾਹੁਣ ਵਾਲਾ ਚਾਕੂ, ਸ਼ਹਿਦ ਕੱਢਣ ਲਈ ਟਰੇਅ, ਸ਼ਹਿਦ ਪੁਣਨ ਲਈ ਮਲਮਲ ਦਾ ਕੱਪੜਾ, ਸ਼ਹਿਦ ਨੂੰ ਪੈਕ ਕਰਨ ਲਈ ਕੱਚ ਦੀਆਂ ਬੋਤਲਾਂ ਆਦਿ ਦੀ ਜ਼ਰੂਰਤ ਪੈਂਦੀ ਹੈ।

**ਸ਼ਹਿਦ ਕੱਢਣਾ** : ਪੱਕਿਆ ਹੋਇਆ, ਸੀਲ ਬੰਦ ਸ਼ਹਿਦ ਹੀ ਫਰੇਮਾਂ ਵਿਚੋਂ ਕੱਢੋ। ਪੱਕੇ ਹੋਏ ਸ਼ਹਿਦ 'ਚ ਪਾਣੀ ਦੀ ਮਾਤਰਾ 17 ਫੀਸਦੀ ਹੁੰਦੀ ਹੈ। ਪੱਕਾ ਸ਼ਹਿਦ ਜਲਦੀ ਖਰਾਬ ਨਹੀਂ ਹੁੰਦਾ। ਫਰੇਮ ਵਿੱਚੋਂ ਸ਼ਹਿਦ ਕੱਢਣ ਲਈ ਸੈੱਲਾਂ ਦੀਆਂ ਟੋਪੀਆਂ ਚਾਕੂ ਨਾਲ ਤੋੜੋ ਅਤੇ ਸ਼ਹਿਦ ਕੱਢਣ ਵਾਲੀ ਮਸ਼ੀਨ ਦੀ ਵਰਤੋਂ ਕਰੋ। ਇਸ ਨਾਲ ਫਰੇਮ ਟੁੱਟਦੇ ਨਹੀਂ ਦੁਬਾਰਾ ਵਰਤੇ ਜਾ ਸਕਦੇ ਹਨ।

**ਸ਼ਹਿਦ ਦੀਆਂ ਮੱਖੀਆਂ ਤੋਂ ਪ੍ਰਾਪਤ ਹੋਣ ਵਾਲੇ ਪਦਾਰਥ** : ਸ਼ਹਿਦ ਦੀਆਂ ਮੱਖੀਆਂ ਦੇ ਕਟੁੰਬਾਂ ਤੋਂ ਸ਼ਹਿਦ ਦੇ ਇਲਾਵਾ ਮੋਮ, ਰਾਇਲ ਜੈਲੀ, ਪ੍ਰੋਪੋਲਿਸ, ਪਰਾਗ ਅਤੇ ਸ਼ਹਿਦ ਦੀ ਮੱਖੀ ਦਾ ਜ਼ਹਿਰ ਵੀ ਮਿਲਦਾ ਹੈ। ਰਾਇਲ ਜੈਲੀ ਅਤੇ ਮੱਖੀਆਂ ਦੇ ਜ਼ਹਿਰ ਦੀ ਅੰਤਰਰਾਸ਼ਟਰੀ ਮੰਡੀ 'ਚ ਭਾਰੀ ਮੰਗ ਹੋਣ ਕਾਰਨ ਵੱਧ ਕੀਮਤ 'ਤੇ ਵਿਕਦੇ ਹਨ। ਮੱਖੀਆਂ ਦੇ ਕਟੁੰਬ ਦੀ ਕੀਮਤ 4 ਹਜ਼ਾਰ ਰੁਪਏ ਪ੍ਰਤੀ ਕੁਟੰਬ ਹੈ। ਇਸ ਤਰ੍ਹਾਂ ਮੱਖੀਆਂ ਦੇ ਕਟੁੰਬ ਵੇਚ ਕੇ ਵੀ ਆਮਦਨ 'ਚ ਵਾਧਾ ਕੀਤਾ ਜਾ ਸਕਦਾ ਹੈ।

ਇੰਝ ਤਿਆਰ ਕਰੀਏ

# ਸਰਦੀ ਦੇ ਮੌਸਮ ਵਿੱਚ ਅਚਾਰ

## ਗਾਜਰ-ਗੋਭੀ ਦਾ ਆਚਾਰ

**ਸਮੱਗਰੀ** : ਗਾਜਰ (ਛਿੱਲੀ ਅਤੇ 1.5 ਇੰਚ ਦੇ ਟੁੱਕੜੇ 'ਚ ਕੱਟੀ ਹੋਈ) : 250 ਗ੍ਰਾਮ, ਗੋਭੀ (ਫਲੋਰੇਟ) : 250 ਗ੍ਰਾਮ, ਸ਼ਲਗਮ (ਛਿੱਲੇ ਅਤੇ 1.5 ਇੰਚ ਦੇ ਟੁਕੜੇ 'ਚ ਕੱਟਿਆ): 250 ਗ੍ਰਾਮ, ਮੂਲੀ (ਛਿੱਲੀ ਅਤੇ 1.5 ਇੰਚ ਦੇ ਟੁੱਕੜੇ 'ਚ ਕੱਟੀ ਹੋਈ) : 250 ਗ੍ਰਾਮ, ਅਦਰਕ : 50 ਗ੍ਰਾਮ, ਲੱਸਣ : 50 ਗ੍ਰਾਮ, ਪਿਆਜ : 100 ਗ੍ਰਾਮ, ਨਮਕ : 100 ਗ੍ਰਾਮ, ਕਾਲੀ ਮਿਰਚ : 5 ਗ੍ਰਾਮ, ਰਾਈ : 5 ਗ੍ਰਾਮ, ਸੌਂਫ : 10 ਗ੍ਰਾਮ, ਮੇਥੇ : 5 ਗ੍ਰਾਮ, ਜੀਰਾ : 10 ਗ੍ਰਾਮ, ਕਲੌਂਜੀ : 5 ਗ੍ਰਾਮ, ਲੌਂਗ : 2 ਗ੍ਰਾਮ, ਦਾਲਚੀਨੀ : 2 ਗ੍ਰਾਮ, ਇਲਾਇਚੀ (ਛੋਟੀ ਅਤੇ ਵੱਡੀ) : ਹਰੇਕ 2 ਗ੍ਰਾਮ, ਜਾਇਫਲ : 2 ਗ੍ਰਾਮ, ਜਾਵਿਤਰੀ, ਲਾਲ ਮਿਰਚ ਪਾਊਡਰ : 5-10 ਗ੍ਰਾਮ, ਸਿਰਕਾ : 70 ਮਿਲੀਲੀਟਰ, ਗੁੜ : 250 ਗ੍ਰਾਮ, ਸਰੋਂ ਦਾ ਤੇਲ : 100 ਮਿਲੀਲੀਟਰ।



**ਵਿਧੀ** : ਸਬਜ਼ੀਆਂ ਨੂੰ ਪਾਣੀ ਨਾਲ ਧੋ ਲਓ ਅਤੇ ਉਚਿਤ ਆਕਾਰ 'ਚ ਕੱਟ ਲਓ। ਸਬਜ਼ੀਆਂ ਨੂੰ ਇਕ ਮਲਮਲ ਦੇ ਕੱਪੜੇ 'ਚ ਰੱਖੋ ਅਤੇ ਉਬਲਦੇ ਪਾਣੀ 'ਚ 4-5 ਮਿੰਟ ਬਲਾਂਚ ਕਰੋ। ਸਬਜ਼ੀਆਂ ਨੂੰ ਇਕ ਸਾਫ ਕੱਪੜੇ 'ਤੇ ਖਲਾਰ ਕੇ 2 ਘੰਟੇ ਪੱਖੇ ਹੇਠਾਂ ਸੁਕਾ ਲਓ। ਗੁੜ ਨੂੰ ਸਿਰਕਾ ਨਾਲ ਮਿਲਾ ਕੇ ਇਕ ਪਾਸੇ ਰੱਖ ਲਓ। ਇਕ ਫਰਾਈ ਪੈਨ ਵਿਚ, ਖੜੇ ਮਸਾਲੇ ਹਲਕੇ ਭੁੰਨ ਕੇ, ਠੰਢੇ ਕਰ ਲਓ ਤੇ ਫਿਰ ਮਿਕਸੀ ਵਿਚ ਦਰਦਰੇ ਪੀਸ ਲਓ। ਕੜਾਈ ਵਿਚ ਸਰੋਂ ਦਾ ਤੇਲ ਗਰਮ ਕਰੋ ਅਤੇ ਇਸ ਦੇ ਕੱਟੇ ਹੋਏ ਪਿਆਜ਼, ਅਦਰਕ ਅਤੇ ਲਸਣ ਪਾਕੇ, ਇਸ ਨੂੰ ਹਲਕਾ ਸੁਨਿਹਰੀ ਹੋਣ ਤੱਕ ਪਕਾਓ। ਇਸ ਤੋਂ ਬਾਅਦ ਸਬਜ਼ੀਆਂ ਨੂੰ ਕੜਾਈ ਵਿਚ ਪਾਕੇ 3-4 ਮਿੰਟ ਹੋਰ ਪਕਾਓ। ਸਾਰੇ ਮਸਾਲੇ ਵੀ ਰਲਾ ਲਓ ਅਤੇ ਨਾਲ ਹੀ ਗੁੜ-ਸਿਰਕੇ ਦਾ ਪੇਸਟ ਪਾ ਕੇ ਸਬਜ਼ੀਆਂ ਨਾਲ ਚੰਗੀ ਤਰ੍ਹਾਂ ਮਿਲਾ ਲਓ। ਅੱਗ ਨੂੰ ਬੰਦ ਕਰਕੇ, ਅਚਾਰ ਨੂੰ ਠੰਢਾ ਹੋਣ ਦਿਓ। ਤਿਆਰ ਕੀਤੇ ਆਚਾਰ ਨੂੰ ਸਾਫ ਕੱਚ ਦੇ ਮਰਤਬਾਨ ਵਿਚ ਪਾਕੇ, 4-5 ਦਿਨਾਂ ਲਈ ਧੁੱਪ 'ਚ ਰੱਖੋ।

## ਨਿੰਬੂ ਅਤੇ ਹਰੀ ਮਿਰਚ ਦਾ ਅਚਾਰ

**ਸਮੱਗਰੀ** : ਨਿੰਬੂ (500 ਗ੍ਰਾਮ), ਹਰੀ ਮਿਰਚ (250 ਗ੍ਰਾਮ), ਨਮਕ : 150 ਗ੍ਰਾਮ, ਧਨੀਆ : 10 ਗ੍ਰਾਮ, ਹਲਦੀ ਪਾਊਡਰ : 10 ਗ੍ਰਾਮ, ਲਾਲ ਮਿਰਚ : 5 ਗ੍ਰਾਮ, ਕਾਲੀ ਮਿਰਚ : 5 ਗ੍ਰਾਮ, ਰਾਈ : 5 ਗ੍ਰਾਮ, ਸੌਂਫ : 10 ਗ੍ਰਾਮ, ਮੇਥੇ : 5 ਗ੍ਰਾਮ, ਜੀਰਾ : 10 ਗ੍ਰਾਮ, ਕਲੌਂਜੀ : 5 ਗ੍ਰਾਮ, ਲੌਂਗ : 2 ਗ੍ਰਾਮ, ਦਾਲਚੀਨੀ : 2 ਗ੍ਰਾਮ, ਲਾਲ ਮਿਰਚ ਪਾਊਡਰ : 5-10 ਗ੍ਰਾਮ, ਸਰ੍ਹੋਂ ਦਾ ਤੇਲ : 200 ਮਿਲੀਲੀਟਰ।

**ਵਿਧੀ** : ਨਿੰਬੂ ਨੂੰ ਧੋ ਕੇ, ਚਾਰ ਭਾਗ ਵਿਚ ਕੱਟ ਲਓ, ਹਰੀ ਮਿਰਚ ਨੂੰ ਦੋ ਹਿੱਸੇ ਅਤੇ ਅਦਰਕ ਨੂੰ ਉੱਚਿਤ ਆਕਾਰ ਵਿਚ ਕੱਟ ਲਓ। ਇੱਕ ਫਰਾਈ ਪੈਨ ਵਿਚ, ਖੜ੍ਹੇ ਮਸਾਲੇ ਹਲਕੇ ਭੁੰਨ ਕੇ, ਠੰਢੇ ਕਰ ਲਓ ਅਤੇ ਫਿਰ ਮਿਕਸੀ ਵਿਚ ਦਰਦਰੇ ਪੀਸ ਲਓ। ਇਕ ਕੜਾਈ ਵਿੱਚ, ਸਰੋਂ ਦਾ ਤੇਲ ਗਰਮ ਕਰੋ ਅਤੇ ਇਸ ਨੂੰ ਥੋੜਾ ਠੰਢਾ ਹੋਣ ਦਿਓ। ਇਕ ਵੱਡੇ ਬਰਤਨ ਜਾਂ ਪਰਾਤ ਵਿੱਚ ਨਿੰਬੂ, ਅਦਰਕ ਅਤੇ ਹਰੀ ਮਿਰਚ ਨੂੰ ਪਾ ਕੇ ਸਾਰੇ ਮਸਾਲੇ ਰਲਾ ਦਿਓ। ਇਸ ਵਿਚ ਹੀ ਤੇਲ ਪਾ ਕੇ ਚੰਗੀ ਤਰ੍ਹਾਂ ਰਲਾ ਲਓ। ਠੰਡਾ ਕਰਨ ਤੋਂ ਬਾਅਦ, ਅਚਾਰ ਨੂੰ ਕੱਚ ਦੇ ਮਰਤਬਾਨ ਵਿਚ ਪਾਕੇ, ਹਫਤੇ ਲਈ 5-7 ਦਿਨ ਧੁੱਪ 'ਚ ਰੱਖੋ।

## ਆਂਵਲੇ ਦਾ ਅਚਾਰ

**ਸਮੱਗਰੀ** : ਆਂਵਲੇ ਦੀਆਂ ਕਲੀਆਂ : 1 ਕਿਲੋਗ੍ਰਾਮ, ਨਮਕ : 150 ਗ੍ਰਾਮ, ਸਰਸੋਂ ਦਾ ਤੇਲ : 250 ਮਿਲੀਲੀਟਰ, ਅਦਰਕ : 50 ਗ੍ਰਾਮ, ਲੱਸਣ : 50 ਗ੍ਰਾਮ, ਧਨੀਆ : 10 ਗ੍ਰਾਮ, ਹਲਦੀ ਪਾਊਡਰ : 10 ਗ੍ਰਾਮ, ਲਾਲ ਮਿਰਚ : 10 ਗ੍ਰਾਮ, ਕਾਲੀ ਮਿਰਚ : 5 ਗ੍ਰਾਮ, ਰਾਈ : 5 ਗ੍ਰਾਮ, ਸੌਂਫ : 10 ਗ੍ਰਾਮ, ਮੇਥੇ : 5 ਗ੍ਰਾਮ, ਜੀਰਾ : 10 ਗ੍ਰਾਮ, ਕਲੌਂਜੀ : 5 ਗ੍ਰਾਮ, ਲੌਂਗ : 2 ਗ੍ਰਾਮ, ਦਾਲਚੀਨੀ : 2 ਗ੍ਰਾਮ, ਇਲਾਇਚੀ (ਛੋਟੀ ਅਤੇ ਵੱਡੀ) : ਹਰੇਕ 2 ਗ੍ਰਾਮ, ਜਾਇਫਲ : 2 ਗ੍ਰਾਮ, ਜਾਵਿਤਰੀ : 2 ਗ੍ਰਾਮ, ਚੱਕਰ ਫੁੱਲ : 2 ਗ੍ਰਾਮ



**ਵਿਧੀ** : ਆਂਵਲੇ ਨੂੰ ਧੋ ਕੇ ਹਲਕੇ ਮੁਲਾਇਮ ਹੋਣ ਤੱਕ ਪਾਣੀ 'ਚ ਉਬਾਲੋ, ਇਸ ਨਾਲ ਆਂਵਲੇ ਦੀਆਂ ਕਲੀਆਂ ਆਸਾਨੀ ਨਾਲ ਵੱਖ ਹੋ ਜਾਣਗੀਆਂ। ਉੱਪਰ ਦਿੱਤੀਆਂ ਵਿਧੀਆਂ ਅਨੁਸਾਰ ਖੜੇ ਮਸਾਲੇ ਤਿਆਰ ਕਰ ਲਓ। ਇਕ ਕੜਾਈ ਵਿਚ, ਸਰ੍ਹੋਂ ਦਾ ਤੇਲ ਗਰਮ ਕਰੋ, ਇਸ ਵਿਚ ਲਸਣ ਅਤੇ ਅਦਰਕ ਪਾ ਕੇ ਸੁਨਹਿਰੀ ਹੋਣ ਤੱਕ ਭੁੰਨ ਲਓ। ਇਸ ਵਿਚ ਆਂਵਲੇ ਦੀਆਂ ਕਲੀਆਂ ਪਾ ਕੇ 4-5 ਮਿੰਟ ਹੋਰ ਪਕਾਓ, ਨਾਲ ਹੀ ਸਾਰੇ ਮਸਾਲੇ ਵੀ ਰਲਾ ਲਓ। 2-3 ਮਿੰਟ ਚੰਗੀ ਤਰ੍ਹਾਂ ਮਿਲਾ ਕੇ, ਗੈਸ ਬੰਦ ਕਰਕੇ ਅਚਾਰ ਠੰਢਾ ਹੋਣ ਦਿਓ। ਤਿਆਰ ਕੀਤੇ ਅਚਾਰ ਨੂੰ ਸਾਫ ਕੱਚ ਤੇ ਮਰਤਬਾਨ 'ਚ ਪਾ ਕੇ ਰੱਖੋ।

## ਹਲਦੀ ਦਾ ਅਚਾਰ

**ਸਮੱਗਰੀ** : ਕੱਚੀ ਹਲਦੀ (ਡੇਢ ਇੰਚ ਲੰਬੇ ਟੁਕੜਿਆਂ ਵਿਚ ਕੱਟੀ ਹੋਈ), ਨਮਕ : 150 ਗ੍ਰਾਮ, ਧਨੀਆ : 10 ਗ੍ਰਾਮ, ਹਲਦੀ ਪਾਊਡਰ : 10 ਗ੍ਰਾਮ, ਲਾਲ ਮਿਰਚ ਪਾਊਡਰ : 5 ਗ੍ਰਾਮ, ਕਾਲੀ ਮਿਰਚ : 5 ਗ੍ਰਾਮ, ਰਾਈ : 5 ਗ੍ਰਾਮ, ਸੌਂਫ : 10 ਗ੍ਰਾਮ, ਮੇਥੇ : 5 ਗ੍ਰਾਮ, ਜੀਰਾ : 10 ਗ੍ਰਾਮ, ਕਲੌਂਜੀ : 5 ਗ੍ਰਾਮ, ਲੌਂਗ : 2 ਗ੍ਰਾਮ, ਦਾਲਚੀਨੀ : 2 ਗ੍ਰਾਮ, ਇਲਾਇਚੀ (ਛੋਟੀ ਅਤੇਵੱਡੀ) : ਹਰੇਕ 2 ਗ੍ਰਾਮ, ਜਾਇਫਲ : 2 ਗ੍ਰਾਮ, ਜਾਵਿਤਰੀ : 2 ਗ੍ਰਾਮ, ਸਰਸੋਂ ਦਾ ਤੇਲ : 250 ਮਿਲੀਲੀਟਰ।

**ਵਿਧੀ** : ਹਲਦੀ ਨੂੰ ਸਾਫ ਕਰਕੇ, ਉੱਚਿਤ ਆਕਾਰ ਵਿਚ ਕੱਟ ਲਓ। ਕੜਾਈ ਵਿਚ ਤੇਲ ਗਰਮ ਕਰੋ ਅਤੇ ਫਿਰ ਥੋੜਾ ਠੰਡਾ ਕਰ ਲਓ। ਇਸ ਤੇਲ ਵਿਚ ਹਲਦੀ ਦੇ ਟੁੱਕੜੇ ਮਿਲਾਓ ਅਤੇ ਸਾਰੇ ਮਸਾਲੇ ਰਲਾ ਦਿਓ। ਠੰਡਾ ਕਰਨ ਤੋਂ ਬਾਅਦ, ਅਚਾਰ ਨੂੰ ਇਕ ਕੱਚ ਦੇ ਮਰਤਬਾਨ ਵਿਚ ਪਾ ਕੇ, ਹਫਤੇ ਲਈ ਧੁੱਪ 'ਚ ਰੱਖੋ।

**ਰੁਪਿੰਦਰ ਕੌਰ, ਮੋਨਿਕਾ ਮਹਾਜਨ ਅਤੇ ਪੂਨਮ ਸਚਦੇਵ, ਸਕਿੱਲ ਡਿਵੈਲਪਮੈਂਟ ਸੈਂਟਰ, ਮੋਬਾਇਲ : 97797-00905**

# ਪੰਜਾਬ ਦੇ ਪਿੰਡਾਂ ਦੀਆਂ ਉੱਭਰਦੀਆਂ ਸਮੱਸਿਆਵਾਂ



ਡਾ: ਸ. ਸ. ਛੀਨਾ

ਪਿਛਲੇ 30-40 ਸਾਲਾਂ ਤੋਂ ਪੰਜਾਬ ਦੇ ਪਿੰਡਾਂ ਦੀਆਂ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਹੋਣ ਨਾਲ ਕਈ ਉੱਚ ਸਮੱਸਿਆਵਾਂ ਉੱਭਰ ਆਈਆਂ ਹਨ ਜਿਨ੍ਹਾਂ ਬਾਰੇ ਪੁਰਾਣੇ ਸਮੇਂ ਵਿੱਚ ਵਿਚਾਰ ਨਹੀਂ ਸੀ ਕੀਤੀ ਗਈ। ਸ਼ਹਿਰੀਕਰਨ ਵੱਲ ਵਧਦੇ ਰੁਝਾਨ ਦੇ ਬਾਵਜੂਦ ਅਜੇ ਵੀ ਪੰਜਾਬ ਦੀ ਪੇਂਡੂ ਵਸੋਂ ਕੋਈ 68 ਫ਼ੀਸਦੀ ਹੈ ਜਦੋਂ ਕਿ ਸ਼ਹਿਰੀ 32 ਫ਼ੀਸਦੀ ਹੈ ਜੋ ਇਹ ਮੰਗ ਕਰਦੀ ਹੈ ਕਿ ਪਿੰਡਾਂ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪੁਰਾਣੇ ਸਮੇਂ ਵਿੱਚ ਗਲੀਆਂ, ਨਾਲੀਆਂ ਵਿੱਚ ਪਾਣੀ ਜਮ੍ਹਾ ਹੋ ਕੇ ਗਲੀਆਂ ਵਿੱਚ ਨਜ਼ਰ ਨਹੀਂ ਸੀ ਆਉਂਦਾ, ਪਰ ਹੁਣ ਸ਼ਾਇਦ ਹੀ ਕੋਈ ਪਿੰਡ ਹੋਵੇਗਾ ਜਿਸ ਵਿੱਚ ਘਰਾਂ ਤੋਂ ਨਿਕਲਿਆ ਇਹ ਪਾਣੀ ਪਿੰਡ ਦੇ ਵਾਤਾਵਰਨ ਨੂੰ ਗੰਦਾ ਨਾ ਕਰਦਾ ਹੋਵੇ। ਉਸ ਵੇਲੇ ਹਰ ਪਿੰਡ ਦੇ ਬਾਹਰ ਛੱਪੜ ਸਨ, ਬਾਰਿਸ਼ ਭਾਵੇਂ 5-6 ਦਿਨ ਵੀ ਹੁੰਦੀ ਸੀ, ਬਾਰਿਸ਼ ਹਟਣ ਤੋਂ ਬਾਅਦ ਸੜਕਾਂ ਅਤੇ ਗਲੀਆਂ ਸੁੱਕੀਆਂ ਹੁੰਦੀਆਂ ਸਨ ਕਿਉਂ ਜੋ ਪਾਣੀ ਇੱਕਦਮ ਛੱਪੜਾਂ ਵਿੱਚ ਚਲਾ ਜਾਂਦਾ ਸੀ। ਪਰ ਹੁਣ ਹਰ ਪਿੰਡ ਵਿੱਚ ਸ਼ਹਿਰਾਂ ਵਾਂਗ ਸੀਵਰੇਜ ਦੀ ਜ਼ਰੂਰਤ ਹੈ ਅਤੇ ਇਸ ਸੀਵਰੇਜ ਨੂੰ ਹਰ ਪਿੰਡ ਨਾਲ ਜੋੜ ਕੇ ਵੱਡੀਆਂ ਡਰੇਨਾਂ ਰਾਹੀਂ ਇਸ ਪਾਣੀ ਦਾ ਨਿਪਟਾਰਾ ਕਰਨ ਦੀ ਲੋੜ ਹੈ ਜਿਸ ਲਈ ਹਜ਼ਾਰਾਂ, ਲੱਖਾਂ ਕਰੋੜ ਰੁਪਇਆਂ ਦੀ ਲੋੜ ਹੈ ਅਤੇ ਦੂਸਰਾ ਬਦਲ ਇਹ ਹੈ, ਫਿਰ ਛੱਪੜ ਖੋਦੇ ਜਾਣ ਦੀ ਵਿਵਸਥਾ ਕਰਨੀ ਅਤੇ ਉਸ ਪਾਣੀ ਨੂੰ ਖੇਤੀ ਲਈ ਵਰਤਣਾ। ਪਰ ਇਨ੍ਹਾਂ ਦੋ ਬਦਲਾਂ ਵਿੱਚੋਂ ਇੱਕ ਦੀ ਇੱਕਦਮ ਚੋਣ ਕਰਨੀ ਪੈਣੀ ਹੈ।

ਸ਼ਹਿਰੀਕਰਨ ਵੱਧਦਾ ਹੋਇਆ ਪਿੰਡਾਂ ਵੱਲ ਫੈਲਿਆ ਹੈ, ਪਿੰਡਾਂ ਦੀ ਖੇਤੀ ਵਾਲੀ ਜ਼ਮੀਨ ਨੂੰ ਕਾਲੋਨਾਈਜਰਜ਼ ਨੇ ਖਰੀਦ ਕੇ ਕਾਲੋਨੀਆਂ ਬਣਾ ਦਿੱਤੀਆਂ ਹਨ। ਪੰਜਾਬ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇਗਾ ਜਿਸ ਦੇ ਆਲੇ-ਦੁਆਲੇ ਦੇ ਪਿੰਡਾਂ ਦੀ ਜ਼ਮੀਨ ਵਿੱਚ ਨਵੀਆਂ ਕਾਲੋਨੀਆਂ ਨਾ ਬਣੀਆਂ ਹੋਣ। ਕਈ ਤਾਂ ਸ਼ਹਿਰੀ ਯੋਜਨਾਬੰਦੀ ਮਹਿਕਮੇ ਵੱਲੋਂ ਪ੍ਰਵਾਨਿਤ ਹਨ, ਪਰ ਕਈ ਨਹੀਂ। ਕਈ ਸ਼ਹਿਰਾਂ ਤੋਂ 10-12 ਕਿਲੋਮੀਟਰ ਤੱਕ ਸੜਕਾਂ ਦੇ ਦੋਵੇਂ ਪਾਸੇ ਹੀ ਨਵੀਆਂ ਕਾਲੋਨੀਆਂ ਵਿੱਚ ਸੜਕਾਂ, ਬਿਜਲੀ ਦੇ ਖੰਬੇ ਲੱਗੇ ਹੋਏ ਨਜ਼ਰ ਆਉਂਦੇ ਹਨ ਅਤੇ ਕਿਤੇ-ਕਿਤੇ ਹੀ ਕੋਈ ਘਰ ਬਣਿਆ ਨਜ਼ਰ ਆਉਂਦਾ ਹੈ, ਪਰ ਇਸ ਕ੍ਰਿਆ ਵਿੱਚ ਲੱਖਾਂ ਏਕੜ ਜ਼ਮੀਨ ਇਸ ਕੰਮ ਲਈ ਰੱਖੀ ਹੋਈ ਹੈ ਜਿਸ ਨੇ ਪਿੰਡਾਂ ਦੇ ਕਿਰਤੀਆਂ ਦਾ ਕੰਮ ਖ਼ਤਮ ਕਰ ਦਿੱਤਾ ਹੈ ਅਤੇ ਉਸ ਜ਼ਮੀਨ ਤੋਂ ਹੋਣ ਵਾਲਾ ਉਤਪਾਦਨ ਬੰਦ ਹੋ ਗਿਆ ਹੈ ਜੋ ਸਮੁੱਚੇ ਦੇਸ਼ ਦਾ ਨੁਕਸਾਨ ਹੈ।

ਇਨ੍ਹਾਂ ਨਵੀਆਂ ਬਣਨ ਵਾਲੀਆਂ ਕਾਲੋਨੀਆਂ ਨੇ ਘੱਟ ਆਮਦਨ ਵਾਲੇ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਇਨ੍ਹਾਂ ਕਾਲੋਨੀਆਂ ਵਿੱਚ ਬਣਨ ਵਾਲੇ ਪਲਾਟ ਉਨ੍ਹਾਂ ਪਿੰਡ ਵਾਸੀਆਂ ਦੀ ਖ਼ਰੀਦ ਸ਼ਕਤੀ ਤੋਂ ਬਾਹਰ ਹੋ ਗਏ ਹਨ। ਉਹ ਪਲਾਟ ਵਪਾਰੀਆਂ ਨੇ ਲਾਭ ਕਮਾਉਣ ਲਈ ਖਰੀਦੇ ਹਨ ਜਾਂ ਉਹ ਪਲਾਟ ਉਨ੍ਹਾਂ ਲੋਕਾਂ ਨੇ ਖਰੀਦੇ ਹਨ ਜਿਨ੍ਹਾਂ ਨੂੰ ਘਰ ਦੀ ਲੋੜ ਨਹੀਂ ਅਤੇ ਜਿਨ੍ਹਾਂ ਨੂੰ ਘਰ ਦੀ ਲੋੜ ਹੈ ਉਹ ਖਰੀਦ ਨਹੀਂ ਸਕਦੇ। ਕਈ ਵਪਾਰੀਆਂ ਨੇ ਇੱਕ ਹੀ ਸ਼ਹਿਰ ਵਿੱਚ 3-4 ਪਲਾਟ ਖਰੀਦੇ ਹੋਏ ਹਨ, ਕਈਆਂ ਨੇ 3-4 ਸ਼ਹਿਰਾਂ ਵਿੱਚ ਪਲਾਟ ਸਿਰਫ਼ ਅੱਗੋਂ ਵੇਚਣ ਲਈ ਖਰੀਦੇ ਹਨ। ਕਈ ਐਨ. ਆਰ. ਆਈ. (ਵਿਦੇਸ਼ਾਂ ਵਿੱਚ ਰਹਿਣ ਵਾਲਿਆਂ) ਨੇ ਉਹ ਪਲਾਟ ਖਰੀਦੇ ਹਨ।

ਪਿੰਡਾਂ ਵਿੱਚ 80 ਫ਼ੀਸਦੀ ਲੋਕ ਅਜੇ ਵੀ ਖੇਤੀ ਤੇ ਨਿਰਭਰ ਕਰਦੇ ਹਨ ਜਿਨ੍ਹਾਂ ਵਿੱਚ ਖੇਤੀ ਕਿਰਤੀ ਵੀ ਆਉਂਦੇ ਹਨ। ਫ਼ਸਲ ਚੱਕਰ ਦੋ ਫ਼ਸਲਾਂ ਕਣਕ ਅਤੇ ਝੋਨੇ ਤੱਕ ਸੀਮਤ ਹੋ ਗਿਆ ਹੈ। ਪੰਜਾਬ ਦੀ 70 ਫ਼ੀਸਦੀ ਭੂਮੀ ਹੁਣ ਇਨ੍ਹਾਂ ਦੋਵਾਂ ਫ਼ਸਲਾਂ ਅਧੀਨ ਹੀ ਹੈ। ਕੋਈ 80 ਲੱਖ ਏਕੜ ਹਰ ਸਾਲ ਝੋਨਾ ਲਾਇਆ ਜਾਂਦਾ ਹੈ। ਕੰਮ ਦੀ ਮਾਤਰਾ ਇਨ੍ਹਾਂ ਦੋਵਾਂ ਫ਼ਸਲਾਂ ਦੀ ਬਿਜਾਈ ਅਤੇ ਕਟਾਈ ਤੱਕ ਸੀਮਤ ਹੋ ਗਈ ਹੈ। ਇਸ ਕਾਰਨ ਪਿੰਡ ਦੇ ਖੇਤੀ ਕਿਰਤੀ ਅਰਧ ਬੇਰੁਜ਼ਗਾਰ ਹੋ ਗਏ ਹਨ। ਉਨ੍ਹਾਂ ਨੂੰ ਸ਼ਹਿਰਾਂ ਵਿੱਚ ਕੰਮ ਲਈ ਜਾਣਾ ਪੈਂਦਾ ਹੈ, ਇਸ ਅਰਧ ਬੇਰੁਜ਼ਗਾਰੀ ਨੇ ਉਨ੍ਹਾਂ ਦੇ ਰਹਿਣ ਸਹਿਣ 'ਤੇ ਬੁਰਾ ਪ੍ਰਭਾਵ ਪਾਇਆ ਹੈ। ਪਿੰਡਾਂ ਵਿੱਚ ਖੇਤੀ ਆਧਾਰਿਤ ਉਦਯੋਗ ਜਾਂ ਹੋਰ ਉਦਯੋਗਾਂ ਵਿੱਚ ਕੋਈ ਵਾਧਾ ਨਹੀਂ ਹੋਇਆ ਜੋ ਉਨ੍ਹਾਂ ਨੂੰ ਘਰ ਦੇ ਨਜ਼ਦੀਕ ਕੰਮ ਪ੍ਰਦਾਨ ਕਰ ਸਕੇ।

1967 ਤੋਂ ਬਾਅਦ ਜਦੋਂ ਤੋਂ ਹਰਾ ਇਨਕਲਾਬ ਸ਼ੁਰੂ ਹੋਇਆ ਹੈ, ਉਸ ਲਈ ਪੰਜਾਬ ਨੂੰ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ ਹੈ। ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਹੋਣ ਕਰਕੇ ਇਨ੍ਹਾਂ ਫ਼ਸਲਾਂ ਅਧੀਨ ਖੇਤਰ ਵੱਧਦਾ ਗਿਆ। ਇੱਕ ਤਾਂ ਇਨ੍ਹਾਂ ਦੋਵੇਂ ਫ਼ਸਲਾਂ ਲਈ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ, ਦੂਸਰਾ ਜਿਹੜੇ ਰਸਾਇਣਾਂ ਨਾਲ ਇਨ੍ਹਾਂ ਦੀ ਫ਼ਸਲ ਵਿੱਚ ਵਾਧਾ ਕੀਤਾ ਗਿਆ, ਉਨ੍ਹਾਂ ਰਸਾਇਣ ਨੂੰ ਪਾਉਣ ਦੀ ਮੁੱਢਲੀ ਸ਼ਰਤ ਵੱਧ ਪਾਣੀ ਦਾ ਮਿਲਣਾ ਹੈ। ਬਾਅਦ ਵਿੱਚ ਬਿਜਲੀ ਦੇ ਮੁਫ਼ਤ ਕਰਨ ਨਾਲ, ਪੰਜਾਬ ਵਿੱਚ ਲੱਗੇ 14 ਲੱਖ ਟਿਊਬਵੈੱਲਾਂ ਧਰਤੀ ਹੇਠੋਂ ਪਾਣੀ ਨੂੰ ਲਗਾਤਾਰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਪਾਣੀ ਦੀ ਪੱਧਰ ਜ਼ਿਆਦਾ ਖੇਤਰਾਂ ਵਿੱਚ 150 ਫੁੱਟ ਤੋਂ ਵੀ ਥੱਲੇ ਚਲੀ ਗਈ ਜਿਸ ਨਾਲ ਘਰ ਵਿੱਚ ਲੱਗੇ ਨਲਕਿਆਂ ਨੇ ਪਾਣੀ ਕੱਢਣਾ ਛੱਡ ਦਿੱਤਾ। ਪੇਂਡੂ ਖੇਤਰਾਂ ਦੇ ਘਰਾਂ ਵਿੱਚ ਬਿਜਲੀ ਦੀਆਂ ਮੋਟਰਾਂ ਲੱਗਣੀਆਂ ਸ਼ੁਰੂ ਹੋ ਗਈਆਂ। ਭਾਵੇਂ ਕਿ ਸਰਕਾਰੀ ਟੂਟੀਆਂ ਨਾਲ ਵੀ ਪਾਣੀ ਦੀ ਪੂਰਤੀ ਹੁੰਦੀ ਹੈ ਪਰ ਉਹ ਸਮਾਬੰਧ ਹੋਣ ਕਰਕੇ, ਇਨ੍ਹਾਂ ਮੋਟਰਾਂ ਦੇ ਚਲਣ ਦਾ ਖਰਚ ਅਤੇ ਲਵਾਉਣ ਦਾ ਖਰਚ ਵੀ ਬੋਝ ਬਣ ਗਿਆ। ਪਹਿਲਾਂ ਵਾਲਾ ਪਿੰਡਾਂ ਦੀਆਂ ਖੂਹੀਆਂ ਦਾ ਸੱਭਿਆਚਾਰ ਬਿਲਕੁਲ ਖ਼ਤਮ ਹੋ ਗਿਆ।



ਫ਼ਸਲ ਚੱਕਰ ਵਿੱਚ ਆਈ ਤਬਦੀਲੀ ਨਾਲ ਉਹ ਫ਼ਸਲਾਂ ਬੀਜੀਆਂ ਜਾਣੀਆਂ ਬਿਲਕੁਲ ਬੰਦ ਹੋ ਗਈਆਂ ਜਿਨ੍ਹਾਂ ਦੀ ਘਰਾਂ ਵਿੱਚ ਵਰਤੋਂ ਹੁੰਦੀ ਸੀ ਅਤੇ ਉਹ ਪਿੰਡਾਂ ਵਿੱਚ ਮਿਲ ਜਾਂਦੀਆਂ ਸਨ। ਜਿਵੇਂ ਮਸਰ, ਮਾਂਹ, ਛੋਲੇ, ਮੂੰਗੀ, ਮੂੰਗਫਲੀ, ਤੋਰੀਆ, ਸਰ੍ਹੋਂ, ਤਿਲ ਅਤੇ ਇਸ ਤਰ੍ਹਾਂ ਹੀ ਕਈ ਸਬਜ਼ੀਆਂ ਵੀ ਫ਼ਸਲ ਚੱਕਰ ਵਿੱਚ ਨਾ ਰਹੀਆਂ। ਇਹ ਸਾਰੀਆਂ ਹੀ ਫ਼ਸਲਾਂ ਹੁਣ ਸ਼ਹਿਰਾਂ ਵਿੱਚੋਂ ਮਿਲਦੀਆਂ ਹਨ। ਦਾਲਾਂ ਤਾਂ ਦਰਾਮਦ ਹੁੰਦੀਆਂ ਹਨ। ਇਸ ਲਈ ਹਰ ਸਾਲ 1 ਲੱਖ ਕਰੋੜ ਰੁਪਏ ਭਾਰਤ ਨੂੰ ਅਦਾ ਕਰਨੇ ਪੈਂਦੇ ਹਨ ਅਤੇ ਇੰਨੇ ਹੀ ਮੁੱਲ ਦੇ ਖਾਣ ਵਾਲੇ ਤੇਲ ਬਾਹਰੋਂ ਮੰਗਵਾਏ ਜਾਂਦੇ ਹਨ। ਫਿਰ ਇਹ ਸਾਰੀਆਂ ਵਸਤਾਂ ਸ਼ਹਿਰਾਂ ਦੀਆਂ ਦੁਕਾਨਾਂ ਵਿੱਚੋਂ ਮਿਲਦੀਆਂ ਹਨ ਜਿਹੜੀਆਂ ਪਿੰਡਾਂ ਦੀਆਂ ਦੁਕਾਨਾਂ ਤੋਂ ਭਾਵੇਂ ਘੱਟ ਮੁੱਲ ਦੀਆਂ ਹੁੰਦੀਆਂ ਹਨ ਪਰ ਪੇਂਡੂ ਲੋਕਾਂ ਨੂੰ ਪਿੰਡਾਂ ਦੀਆਂ ਦੁਕਾਨਾਂ ਤੋਂ ਮਹਿੰਗੀਆਂ ਪੈਂਦੀਆਂ ਹਨ।

ਅੱਜ ਕੱਲ੍ਹ ਠੀਕ ਇਲਾਜ ਲਈ ਡਾਇਗਨੋਸਟਿਕ ਲੈਬਾਰਟਰੀਆਂ ਵੀ ਉਨੀਆਂ ਹੀ ਜ਼ਰੂਰੀ ਹਨ ਜਿੰਨੀਆਂ ਡਿਸਪੈਂਸਰੀਆਂ ਅਤੇ ਹਸਪਤਾਲ। ਪਰ ਇਸ ਤਰ੍ਹਾਂ ਦੀਆਂ ਨਿਰੀਖਣ ਕਰਨ ਵਾਲੀਆਂ ਲੈਬਾਰਟਰੀਆਂ ਪਿੰਡਾਂ ਵਿੱਚ ਨਹੀਂ ਮਿਲਦੀਆਂ। ਜਿਹੜੀਆਂ ਪੇਂਡੂ ਡਿਸਪੈਂਸਰੀਆਂ ਅਤੇ ਹਸਪਤਾਲਾਂ ਦੇ ਨਾਲ ਨਹੀਂ, ਇੱਥੋਂ ਤੱਕ ਕਿ ਸਰਕਾਰੀ ਹਸਪਤਾਲਾਂ ਵਿੱਚ ਭਾਵੇਂ ਇਲਾਜ ਮੁਫ਼ਤ ਹੈ ਪਰ ਨਰੀਖਣ ਕਰਵਾਉਣ ਲਈ ਡਾਕਟਰਾਂ ਵੱਲੋਂ ਕਿਸੇ ਲੈਬਾਰਟਰੀ 'ਤੇ ਭੇਜਣਾ ਪੈਂਦਾ ਹੈ ਅਤੇ ਉਹ ਲੈਬਾਰਟਰੀਆਂ ਜ਼ਿਆਦਾਤਰ ਨਿੱਜੀ ਖੇਤਰਾਂ ਵਿੱਚ ਹਨ ਜਿਨ੍ਹਾਂ 'ਤੇ ਸਰਕਾਰੀ ਹਸਪਤਾਲਾਂ ਨੂੰ ਨਿਰਭਰ ਹੋਣਾ ਪੈਂਦਾ ਹੈ।

ਪਿੰਡਾਂ ਵਿੱਚ ਪੰਚਾਇਤ, ਪਿੰਡਾਂ ਦੇ ਮਸਲੇ ਹੱਲ ਕਰਨ ਲਈ ਬਹੁਤ ਹੀ ਯੋਗ ਸੰਸਥਾ ਹੈ। ਇਨ੍ਹਾਂ ਪੰਚਾਇਤਾਂ ਨੇ ਬਹੁਤ ਚੰਗੇ ਕੰਮ ਕੀਤੇ ਹਨ। ਪੰਚਾਇਤ ਦੇ ਨਿਯਮਾਂ ਅਨੁਸਾਰ ਹਰ ਪਿੰਡ ਵਿੱਚ ਸਾਲ ਵਿੱਚ ਦੋ ਵਾਰ ਪਿੰਡ ਦੀ ਗਰਾਮ ਸਭਾ ਦੀ ਮੀਟਿੰਗ ਹੋਣੀ ਚਾਹੀਦੀ ਹੈ। ਇਸ ਗਰਾਮ ਸਭਾ ਵਿੱਚ ਪਿੰਡ ਦਾ ਹਰ ਵੋਟਰ ਮੈਂਬਰ ਹੈ। ਜਦੋਂ ਗਰਾਮ ਸਭਾ ਹੁੰਦੀ ਹੈ ਤਾਂ ਪਿੰਡ ਦੀ ਪਿਛਲੇ ਛੇ ਮਹੀਨੇ ਦੀ ਹੋਈ ਕਾਰਵਾਈ 'ਤੇ ਚਰਚਾ ਹੁੰਦੀ ਹੈ, ਗਿਲੇ ਸ਼ਿਕਵੇ ਦੂਰ ਕੀਤੇ ਜਾਂਦੇ ਹਨ ਜਿਸ ਤੋਂ ਬਾਅਦ ਚੰਗਾ ਮਾਹੌਲ ਬਣਦਾ ਹੈ। ਜਿਹੜਾ ਵਿਅਕਤੀ ਪੰਚਾਇਤ ਦੇ ਕੰਮਾਂ ਵਿੱਚ ਰੁਕਾਵਟ ਪਾਉਂਦਾ ਹੈ। ਉਸ ਦੀ ਪਹਿਚਾਣ ਹੁੰਦੀ ਹੈ ਅਤੇ ਇਸ ਤਰ੍ਹਾਂ ਪਿੰਡ ਵਿੱਚ ਸੁਚਾਰੂ ਕੰਮਾਂ ਦਾ ਅਤੇ ਆਪਸੀ ਭਾਈਚਾਰੇ ਦਾ ਮਾਹੌਲ ਬਣਦਾ ਹੈ। ਪਰ ਸ਼ਾਇਦ ਹੀ ਕਿਸੇ ਪਿੰਡ ਵਿੱਚ ਹਕੀਕਤ ਵਿੱਚ ਗਰਾਮ ਸਭਾ ਦੀ ਮੀਟਿੰਗ ਸਾਲ ਵਿੱਚ ਦੋ ਵਾਰ ਹੁੰਦੀ ਹੋਵੇ ਅਤੇ ਲੋਕ ਇਕੱਠੇ ਹੁੰਦੇ ਹੋਣ।

ਪੰਜਾਬ ਦੇ 117 ਚੋਣ ਹਲਕਿਆਂ ਵਿੱਚੋਂ ਜ਼ਿਆਦਾਤਰ ਪੇਂਡੂ ਹਲਕੇ ਹਨ। ਚੋਣਾਂ ਦੇ ਸਮੇਂ 'ਤੇ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਇਸ ਤਰ੍ਹਾਂ ਦੇ ਮੁੱਦਿਆਂ ਲਈ ਮੈਨੀਫੈਸਟੋ ਹੀ ਨਹੀਂ ਬਣਾਇਆ ਹੁੰਦਾ। ਭਾਵੇਂ ਕਿ ਪਿੰਡਾਂ ਵਿੱਚ ਬੱਚਿਆਂ ਦੇ ਖੇਡਣ ਲਈ ਸਟੇਡੀਅਮ ਦੀਆਂ ਤਜਵੀਜ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਪਰ ਸਟੇਡੀਅਮ ਅਤੇ ਆਡੀਟੋਰੀਅਮ ਪਿੰਡਾਂ ਲਈ ਉਲੀਕੇ ਪ੍ਰੋਗਰਾਮਾਂ ਵਿੱਚ ਨਹੀਂ ਲਿਆਂਦੇ ਗਏ। ਹੁਣ ਜਦੋਂ ਕਿ ਸਟੇਡੀਅਮ ਬਣਾਉਣੇ ਸ਼ੁਰੂ ਕੀਤੇ ਹਨ। ਕੁੱਝ ਚੋਣਵੇਂ ਪਿੰਡਾਂ ਵਿੱਚ ਆਡੀਟੋਰੀਅਮ ਵੀ ਬਣਾਉਣੇ ਚਾਹੀਦੇ ਹਨ ਕਿਉਂ ਜੋ ਜ਼ਿਆਦਾਤਰ ਆਬਾਦੀ ਤਾਂ ਪਿੰਡਾਂ ਵਿੱਚ ਹੀ ਰਹਿੰਦੀ ਹੈ ਅਤੇ ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਅਤੇ ਹੋਰ ਕਲਾ ਵਿੱਚ ਅੱਗੇ ਵੱਧਣ ਲਈ ਉਨੇ ਹੀ ਮੌਕੇ ਮਿਲਣ ਜਿੰਨੇ ਸ਼ਹਿਰਾਂ ਵਿੱਚ ਮਿਲਦੇ ਹਨ। ਪਿੰਡਾਂ ਦੇ ਪ੍ਰਤੀਨਿਧ ਵਿਧਾਇਕਾਂ ਵਿੱਚੋਂ ਸ਼ਾਇਦ ਹੀ ਕੋਈ ਪਿੰਡਾਂ ਵਿੱਚ ਰਹਿੰਦਾ ਹੋਵੇ। ਇਸ ਲਈ ਉਹ ਪਿੰਡਾਂ ਦੀਆਂ ਉੱਭਰਦੀਆਂ ਸਮੱਸਿਆਵਾਂ ਵੱਲ ਧਿਆਨ ਘੱਟ ਦਿੰਦੇ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

# ਨਵੀਂ ਤਕਨੀਕ ਨਾਲ ਕਾਂਜੀ ਬਣਾਉਣ ਲਈ ਕਾਲੀ ਗਾਜਰ ਵਰਤੋਂ

ਪੀਏਯੂ ਵੱਲੋਂ ਵਿਕਸਿਤ ਕੀਤੀ ਗਈ ਗਾਜਰ ਦੀ ਕਿਸਮ 'ਪੰਜਾਬ ਬਲੈਕ ਬਿਊਟੀ' ਵਿੱਚ ਪੋਸ਼ਟਿਕਤਾ ਅਤੇ ਗੁਣਵੱਤਾ ਸੰਬੰਧੀ ਵਿਸ਼ੇਸ਼ਤਾਵਾਂ ਹਨ। ਇਸ ਵਿੱਚ ਐਂਥੋਸਾਇਨਿਨ (182 ਮਿ. ਗ੍ਰਾ./100 ਗ੍ਰਾ.) ਅਤੇ ਫੀਨੋਲਿਕ ਯੋਗਿਕ (73 ਮਿ. ਗ੍ਰਾ./100 ਗ੍ਰਾ.) ਭਰਪੂਰ ਮਾਤਰਾ ਵਿੱਚ ਹਨ, ਜੋ ਐਂਟੀਆਕਸੀਡੈਂਟ ਅਤੇ ਕੈਂਸਰ-ਰੋਕੂ ਗੁਣਾਂ ਲਈ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ, ਇਸ ਵਿੱਚ ਰਸ ਦੀ ਉੱਚੀ ਪੱਧਰ (580 ਮਿ. ਲੀ./ਕਿ. ਗ੍ਰਾ.), ਕੈਲਸ਼ੀਅਮ (50 ਮਿ. ਗ੍ਰਾ./100 ਗ੍ਰਾ.), ਲੋਹਾ (1.10 ਮਿ. ਗ੍ਰਾ./100 ਗ੍ਰਾ.), ਕੁੱਲ ਘੁਲਣਯੋਗ ਠੋਸ 7.5% ਅਤੇ ਸੁੱਕਾ ਪਦਾਰਥ (11%) ਉਚਿਤ ਮਾਤਰਾ ਵਿੱਚ ਮੌਜੂਦ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਕਰਕੇ ਇਹ ਕਿਸਮ ਕਾਂਜੀ ਤਿਆਰ ਕਰਨ ਲਈ ਬਹੁਤ ਢੁੱਕਵੀਂ ਹੈ।

ਕਾਂਜੀ ਦੀ ਸਾਲ ਭਰ ਉਪਲਬਧਤਾ ਵਧਾਉਣ ਅਤੇ ਇਸ ਦੇ ਜੈਵਿਕ ਗੁਣਾਂ ਨੂੰ ਯਕੀਨੀ ਬਣਾਉਣ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਾਲੀ ਗਾਜਰ ਪਾਊਡਰ ਦੀ ਵਰਤੋਂ ਕਰਕੇ ਤਿਆਰ-ਵਰਤੋਂ ਯੋਗ ਕਾਂਜੀ ਮਿਕਸ ਦਾ ਵਿਕਾਸ ਕੀਤਾ ਗਿਆ ਹੈ। ਰਿਫਰੈਕਟੈਂਸ ਵਿੰਡੋ ਡਰਾਇੰਗ ਤਕਨੀਕ ਤਾਪ ਪ੍ਰਤੀ ਸੰਵੇਦਨਸ਼ੀਲ ਪਦਾਰਥਾਂ ਜਿਵੇਂ ਤਰਲ ਅਤੇ ਪਿਊਰੇ ਨੂੰ ਪਾਊਡਰ, ਫਲੇਕਸ ਵਿੱਚ ਬਦਲਣ ਲਈ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਈ ਹੈ। ਸੁਕਾਉਣ ਦੇ ਰਵਾਇਤੀ ਤਰੀਕਿਆਂ ਦੇ ਮੁਕਾਬਲੇ ਨਵੀਂ ਤਕਨੀਕ ਘੱਟ ਤਾਪਮਾਨ, ਘੱਟ ਸਮਾਂ ਅਤੇ ਘੱਟ ਊਰਜਾ ਦੀ ਲੋੜ ਨਾਲ ਉਤਪਾਦ ਦੀ ਪੋਸ਼ਟਿਕ ਅਤੇ ਸਵਾਦ ਗੁਣਵੱਤਾ ਨੂੰ ਬਰਕਰਾਰ ਰੱਖਦੀ ਹੈ।

ਇਹ ਸੁੱਕਾ ਕਾਂਜੀ ਮਿਕਸ ਆਸਾਨੀ ਨਾਲ ਤਿਆਰ ਕਰਕੇ ਸੁਗੰਧ ਵਾਲਾ, ਸੁਆਦ ਨਾਲ ਭਰਪੂਰ ਅਤੇ ਸੁਰੱਖਿਅਤ ਪ੍ਰੋਬਾਇਓਟਿਕ ਪੀਣ ਯੋਗ ਪਦਾਰਥ ਬਣਾਇਆ ਜਾ ਸਕਦਾ ਹੈ। ਲੈਬ ਕਲਚਰ ਕਾਲੀ ਗਾਜਰ ਪਾਊਡਰ ਅਤੇ ਮਿਆਰੀ ਮਸਾਲਿਆਂ ਨਾਲ ਤਿਆਰ ਕੀਤੀ ਕਾਂਜੀ ਦੇ ਭੌਤਿਕ-ਰਸਾਇਣਕ ਅਤੇ ਜੀਵਾਣੂੰ ਗੁਣਾਂ ਦੀ ਜਾਂਚ ਕੀਤੀ ਗਈ, ਜੋ ਪਰੰਪਰਾਗਤ ਤਰੀਕੇ ਨਾਲ ਬਣੀ ਕਾਂਜੀ ਨਾਲੋਂ ਬਿਹਤਰ ਪਾਏ ਗਏ।

ਇਸ ਮਿਆਰੀ ਤਰੀਕੇ ਅਧੀਨ ਕਾਲੀ ਗਾਜਰ ਪਾਊਡਰ ਨੂੰ ਨਿਰਧਾਰਿਤ ਗੁਣਵੱਤਾ ਵਾਲੇ ਪੀਣਯੋਗ ਪਾਣੀ ਵਿੱਚ ਘੋਲ ਕੇ, ਇਸ ਵਿੱਚ ਪੀਸੇ ਹੋਏ ਸਰ੍ਹੋਂ ਦੇ ਦਾਣੇ, ਕਾਲਾ ਨਮਕ, ਲਾਲ ਮਿਰਚ ਪਾਊਡਰ ਅਤੇ ਨਿਰਧਾਰਿਤ ਮਾਤਰਾ ਵਿੱਚ ਲੈਬ ਕਲਚਰ ਸ਼ਾਮਲ ਕੀਤਾ ਜਾਂਦਾ ਹੈ। ਇਹ ਤਿਆਰ-ਵਰਤੋਂ ਯੋਗ ਕਾਂਜੀ ਮਿਕਸ



ਵਧੀਕ ਸ਼ੈਲਫ ਲਾਈਫ ਵਾਲਾ ਸ੍ਰੇਸ਼ਠ ਬਦਲ ਹੈ, ਜੋ ਸਾਲ ਭਰ ਉਪਭੋਗਤਾਵਾਂ ਨੂੰ ਕਾਂਜੀ ਦੇ ਕਾਰਗਰ ਅਤੇ ਪ੍ਰੋਬਾਇਓਟਿਕ ਲਾਭ ਪ੍ਰਦਾਨ ਕਰਦਾ ਹੈ।

**ਪ੍ਰੀਤਿੰਦਰ ਕੌਰ ਅਤੇ ਤਰਸੇਮ ਸਿੰਘ ਢਿੱਲੋਂ, ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ (ਮੋਬਾਇਲ : 95920-88335)**

# ਜਨਵਰੀ ਦੇ ਬਾਗਬਾਨੀ ਰੁਝੇਵੇਂ

ਡਾ. ਸੁਖਦੀਪ ਸਿੰਘ ਹੁੰਦਲ, ਮੋ. 75080-18842

ਇਹ ਮਹੀਨਾ ਫਲਦਾਰ ਬੂਟਿਆਂ ਲਈ ਕਾਫ਼ੀ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਇਸ ਮਹੀਨੇ ਤਾਪਮਾਨ ਵਿੱਚ ਕਾਫ਼ੀ ਗਿਰਾਵਟ ਆ ਜਾਂਦੀ ਹੈ ਅਤੇ ਅਜਿਹੇ ਵਿੱਚ ਫਲਦਾਰ ਬੂਟੇ ਵਿਸ਼ੇਸ਼ ਧਿਆਨ ਮੰਗਦੇ ਹਨ। ਕੋਰੇ ਤੋਂ ਬਚਾਅ ਲਈ ਜੇ ਪਹਿਲਾਂ ਕੁੱਲੀਆਂ ਬੰਨੀਆਂ ਹਨ, ਤਾਂ ਠੀਕ ਕਰ ਲਵੋ ਤੇ ਜੇ ਨਹੀਂ ਬੰਨੀਆਂ ਤਾਂ ਧੁੱਪ ਵਾਲਾ ਪਾਸਾ ਨੰਗਾ ਰੱਖ ਕੇ ਪਰਾਲੀ ਜਾਂ ਸਰਕੰਡੇ ਨਾਲ ਤੁਰੰਤ ਬੰਨ ਦਿਉ। ਪੱਤਝੜੀ ਫਲਦਾਰ ਬੂਟੇ ਜਿਵੇਂ ਨਾਸ਼ਪਾਤੀ, ਬੱਗੂਗੋਸ਼ਾ, ਆੜੂ, ਅਲੂਚਾ, ਅਨਾਰ, ਅੰਗੂਰ, ਅੰਜੀਰ ਅਤੇ ਫਾਲਸਾ ਲਗਾਉਣ ਲਈ ਬਹੁਤ ਹੀ ਢੁੱਕਵਾਂ ਹੈ। ਬਾਗਬਾਨੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਨਰਸਰੀਆਂ ਤੋਂ ਇਹ ਬੂਟੇ ਲਿਆ ਕੇ ਫੁਟਾਰਾ ਨਿਕਲਣ ਤੋਂ ਪਹਿਲਾਂ ਲਗਾ ਦਿਉ। ਨਾਸ਼ਪਾਤੀ ਦੇ ਬੂਟੇ 25 ਫੁੱਟ, ਬੱਗੂਗੋਸ਼ਾ, ਆੜੂ, ਅੰਜੀਰ ਅਤੇ ਅਲੂਚਾ 20 ਫੁੱਟ, ਅਨਾਰ ਅਤੇ ਅੰਗੂਰ 12 ਫੁੱਟ, ਫਾਲਸਾ 5 ਫੁੱਟ ਦੇ ਫਾਸਲੇ 'ਤੇ ਲਗਾ ਦਿਉ। ਪਹਿਲਾਂ ਤੋਂ ਲਗਾਏ ਹੋਏ ਪੱਤਝੜੀ ਬੂਟਿਆਂ ਦੀ ਕਾਂਟ-ਛਾਂਟ ਕਰਨ ਦਾ ਵੀ ਇਹ ਢੁੱਕਵਾਂ ਸਮਾਂ ਹੈ। ਇਹ ਕੰਮ ਵੀ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਫੁਟਾਰਾ ਆਉਣ ਤੋਂ ਪਹਿਲਾਂ ਮੁਕੰਮਲ ਕਰ ਲਵੋ।

**ਫਲਦਾਰ ਬੂਟੇ**

ਫਲਦਾਰ ਬੂਟਿਆਂ ਨੂੰ ਜੇ ਦੇਸੀ ਰੂੜੀ ਅਤੇ ਰਸਾਇਣਿਕ ਖਾਦਾਂ ਅਜੇ ਤੱਕ ਨਹੀਂ ਪਾਈਆਂ ਤਾਂ ਸੁਪਰਫਾਸਫੇਟ ਖਾਦ ਅਤੇ ਮਿਊਰੇਟ ਆਫ ਪੋਟਾਸ਼ ਖਾਦਾਂ ਬੂਟੇ ਦੀ ਉਮਰ ਦੇ ਹਿਸਾਬ ਨਾਲ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਪਾ ਦਿਉ। ਨਾਈਟਰੋਜਨ ਖਾਦ ਫਰਵਰੀ ਮਹੀਨੇ ਪਾਉਣ ਲਈ ਪ੍ਰਬੰਧ ਕਰ ਲਵੋ।



ਬੇਰ ਦੇ ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿਉ ਅਤੇ ਚਿੱਟੇ ਰੋਗ ਦੀ ਰੋਕਥਾਮ ਲਈ 0.5 ਮਿਲੀਲੀਟਰ ਕੈਰਾਥੇਨ ਜਾਂ 0.5 ਗ੍ਰਾਮ ਬੈਲੋਟਾਨ ਦਵਾਈ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਬਦਲ-ਬਦਲ ਕੇ ਸਪਰੇਅ ਕਰੋ। ਬੂਟਿਆਂ ਦੇ ਧੱਬੇ ਅਤੇ ਬਲੈਕ ਮੋਲਡ ਬਿਮਾਰੀ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਆਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ। ਨਿੰਬੂ ਜਾਤੀ ਬੂਟਿਆਂ ਦੇ ਮੁੱਢ ਦੇ ਗਾਲੇ ਗਮੋਸਿਸ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਿਮਾਰੀ ਵਾਲੀਆਂ ਅਤੇ ਸੁੱਕੀਆਂ ਟਾਹਣੀਆਂ ਕੱਟ ਦਿਉ ਅਤੇ ਕੱਟੀ ਥਾਂ 'ਤੇ ਕਾਪਰ ਆਕਸੀਕਲੋਰਾਈਡ ਦਵਾਈ ਦਾ ਘੋਲ ਬਣਾ ਕੇ ਲਗਾ ਦਿਉ।

ਅੰਬਾਂ ਦੇ ਪੁਰਾਣੇ ਅਤੇ ਉੱਚੇ ਬੂਟਿਆਂ ਨੂੰ ਮੁੜ ਸੁਰਜੀਤ ਕਰਨ ਲਈ ਇਸ ਮਹੀਨੇ ਦੇ ਪਹਿਲੇ ਹਫਤੇ ਜ਼ਮੀਨ ਪੱਧਰ ਤੋਂ 3 ਮੀਟਰ ਦੀ ਉੱਚਾਈ ਤੱਕ ਬਾਹਰ ਵੱਲ ਜਾਂਦੇ 4-5 ਟਾਹਣ ਛੱਡ ਕੇ ਕੱਟ ਦਿਉ ਅਤੇ ਕੱਟੇ ਹਿੱਸਿਆਂ 'ਤੇ ਬੋਰਡੋ ਪੇਸਟ ਜਾਂ ਕਾਪਰ ਆਕਸੀ-ਕਲੋਰਾਈਡ ਦਾ ਪੇਸਟ ਲਾ ਦਿਉ।

ਆੜੂ, ਅਲੂਚਾ, ਅੰਬ ਦੇ ਘਟੀਆ ਕਿਸਮ ਦੇ ਬੂਟਿਆਂ ਨੂੰ ਸਿਰੇ ਤੱਕ ਕੱਟ ਦਿਉ ਅਤੇ ਫਰਵਰੀ ਵਿੱਚ ਨਿਕਲੀਆਂ ਸ਼ਾਖਾਵਾਂ ਨੂੰ ਚੰਗੀ ਕਿਸਮ ਦੇ ਬੂਟਿਆਂ ਤੋਂ ਅੱਖ ਲੈ ਕੇ ਪਿਉਂਦ ਕੀਤੀ ਜਾ ਸਕਦੀ ਹੈ। ਕਿੰਨੂ ਅਤੇ ਮਾਲਟੇ ਦੇ ਤਿਆਰ ਫਲਾਂ ਦੀ ਤੁੜਾਈ ਕਰ ਲਉ।

**ਸਬਜ਼ੀਆਂ**

ਸਰਦ ਰੁੱਤ ਦੀਆਂ ਸਬਜ਼ੀਆਂ ਦੀ ਤੁੜਾਈ ਜਾਰੀ ਰੱਖੋ ਅਤੇ ਕੋਰੇ ਦੇ ਬੁਰੇ ਅਸਰ ਨੂੰ ਘਟਾਉਣ ਲਈ ਹਲਕਾ ਪਾਣੀ ਲਗਾ ਦਿਉ। ਪਿਆਜ਼ ਦੀ ਪਨੀਰੀ ਜੋ 4-6 ਹਫਤੇ ਪੁਰਾਣੀ ਹੋਵੇ, ਨੂੰ ਪੁੱਟ ਕੇ ਖੇਤ ਵਿੱਚ ਲਾ ਦਿਉ। ਬਿਜਾਈ ਤੋਂ ਪਹਿਲਾਂ 125 ਕੁਇੰਟਲ ਰੂੜੀ, 300 ਗ੍ਰਾਮ ਯੂਰੀਆ, 800 ਗ੍ਰਾਮ ਸੁਪਰਫਾਸਫੇਟ ਅਤੇ 250 ਗ੍ਰਾਮ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ ਮੈਗਟ ਦੀ ਰੋਕਥਾਮ ਲਈ 25 ਗ੍ਰਾਮ ਥਿਮਟ 10ਜੀ ਪ੍ਰਤੀ ਮਰਲਾ ਦੇ ਹਿਸਾਬ ਪਾ ਕੇ ਹਲਕਾ ਪਾਣੀ ਲਗਾ ਦਿਉ।

ਮਟਰਾਂ ਦੀ ਫ਼ਸਲ ਨੂੰ ਚਿੱਟੇ ਧੂੜੇ ਦੇ ਰੋਗ ਤੋਂ ਬਚਾਅ ਲਈ 0.4 ਮਿਲੀਲੀਟਰ ਕੈਰਾਥੇਨ ਦਵਾਈ ਅਤੇ ਜੇਕਰ ਕੁੰਗੀ ਦਾ ਹਮਲਾ ਹੈ ਤਾਂ 2 ਗ੍ਰਾਮ ਇੰਡੋਫਿਲ ਐਮ-45 ਨੂੰ ਪ੍ਰਤੀ ਲੀਟਰ ਪਾਣੀ ਪਾ ਕੇ ਛਿੜਕਾਅ ਕਰੋ।

ਆਲੂ ਦੀ ਫ਼ਸਲ ਦਾ ਵੱਧ ਝਾੜ ਲੈਣ ਲਈ ਪੁਟਾਈ 10-12 ਦਿਨ ਆਮ ਨਾਲੋਂ ਲੇਟ ਕਰ ਲਉ। ਜੇ ਫ਼ਸਲ 'ਤੇ ਪਿਛੇਤੇ ਝੁਲਸ ਰੋਗ ਦਾ ਹਮਲਾ ਨਜ਼ਰ ਆਵੇ ਤਾਂ 2-3 ਗ੍ਰਾਮ ਇੰਡੋਫਿਲ ਐਮ-45 ਜਾਂ ਕਵਚ ਦਵਾਈ ਦਾ ਪ੍ਰਤੀ ਲੀਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ।

ਖਰਬੂਜ਼ਾ, ਹਦਵਾਣਾ, ਘੀਆ ਕੱਦੂ ਦੀ ਅਗੇਤੀ ਫ਼ਸਲ ਲੈਣ ਲਈ 100 ਗੇਜ਼ ਦੇ ਪਲਾਸਟਿਕ ਦੇ ਲਿਫਾਫੇ 15×10 ਸੈਂਟੀਮੀਟਰ ਆਕਾਰ ਵਿੱਚ ਮਿੱਟੀ, ਰੇਤ, ਦੇਸੀ ਰੂੜੀ ਦੀ ਬਰਾਬਰ ਮਾਤਰਾ ਦੇ ਮਿਸ਼ਰਣ ਭਰ ਕੇ ਇਸ ਵਿੱਚ ਦੋ ਬੀਜ ਲਾ ਕੇ ਫੁਆਰੇ ਨਾਲ ਪਾਣੀ ਲਾ ਦਿਉ। ਲਿਫਾਫੇ ਦੇ ਹੇਠਾਂ ਮੋਰੀ ਕਰ ਦਿਉ ਅਤੇ ਕੰਧ ਨੇੜੇ ਧੁੱਪ ਵਾਲੇ ਪਾਸੇ ਰੱਖੋ। ਘਰੇਲੂ ਬਗੀਚੀ ਵਿੱਚ ਗਰਮ ਰੁੱਤ ਦੀਆਂ ਸਬਜ਼ੀਆਂ ਦੀ ਬਿਜਾਈ ਲਈ ਕਿਆਰੀਆਂ ਕੱਢੋ।

**ਖੁੰਬਾਂ ਦੀ ਬਿਜਾਈ**

ਬਟਨ ਖੁੰਬ ਦੀ ਫ਼ਸਲ ਦੀ ਬਿਜਾਈ ਪਹਿਲੇ ਹਫਤੇ ਕਮਰਿਆਂ ਵਿੱਚ ਕਰੋ। ਜੇ ਬਿਜਾਈ ਸੈਲਫ/ਪੇਟੀਆਂ ਵਿੱਚ ਕਰਨੀ ਹੋਵੇ ਤਾਂ ਬੀਜੀ ਹੋਈ ਕੰਪੋਸਟ ਨੂੰ ਅਖਬਾਰ ਨਾਲ ਢੱਕ ਕੇ ਰੋਜ਼ ਦੋ ਵਾਰ ਪਾਣੀ ਦਾ ਛਿੜਕਾਅ ਕਰੋ ਤੇ ਜੇ ਬਿਜਾਈ ਪਲਾਸਟਿਕ ਲਿਫਾਫਿਆਂ ਵਿੱਚ ਕੀਤੀ ਹੈ ਤਾਂ ਢੱਕਣ 'ਤੇ ਛਿੜਕਾਅ ਕਰਨ ਦੀ ਲੋੜ ਨਹੀਂ। ਸ਼ੁਰੂ ਵਿੱਚ ਬੀਜ ਚੱਲਣ ਸਮੇਂ ਤਾਜ਼ੀ ਹਵਾ ਦੇਣ ਦੀ ਲੋੜ ਨਹੀਂ ਅਤੇ ਬਿਜਾਈ ਤੋਂ ਦੋ ਹਫਤੇ ਬਾਅਦ ਕੇਸਿੰਗ ਕਰਨ ਲਈ ਵਰਤੀ ਜਾਣ ਵਾਲੀ ਰੂੜ੍ਹੀ ਖਾਦ ਨੂੰ 4-5% ਫਾਰਮਾਲੀਨ ਦਵਾਈ ਦੇ ਘੋਲ ਨਾਲ ਕਿਟਾਣੂੰ ਰਹਿਤ ਕਰੋ ਅਤੇ ਅਖਬਾਰਾਂ ਲਾਹ ਕੇ ਇਸ ਦੀ ਇੱਕ ਤੋਂ ਡੇਢ ਇੰਚ ਮੋਟੀ ਤਹਿ ਵਿਛਾ ਕੇ ਹਰ ਰੋਜ਼ ਪਾਣੀ ਦਾ ਛਿੜਕਾਅ ਕਰੋ। ਇੱਕ ਹਫਤੇ ਬਾਅਦ 4-6 ਘੰਟੇ ਤਾਜ਼ੀ ਹਵਾ ਦਿਉ। ਖੁੰਬਾਂ ਦੀ ਕਿਸਮ ਢੀਂਗਰੀ ਦੀ ਬਿਜਾਈ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ ਅਤੇ ਇਸ ਵਿੱਚ ਖੁਰਾਕੀ ਤੱਤ ਜਿਵੇਂ ਪ੍ਰੋਟੀਨ, ਵਿਟਾਮਿਨ ਕਾਫ਼ੀ ਮਾਤਰਾ ਵਿੱਚ ਹੁੰਦੇ ਹਨ। ਇਸ ਦੀ ਬਿਜਾਈ ਪਹਿਲੇ ਹਫਤੇ ਕਰ ਲਉ ਅਤੇ ਪਹਿਲਾਂ ਤੋਂ ਲਗਾਏ ਲਿਫਾਫੇ ਜੇ 80% ਤੱਕ ਚਿੱਟੇ ਵਿਖਾਈ ਦੇਣ ਤਾਂ ਲਿਫਾਫਿਆਂ ਨੂੰ ਬਲੇਡ ਨਾਲ ਕੱਟ ਕੇ ਵੱਖ ਕਰ ਦਿਉ।

# ਪ੍ਰਦੂਸ਼ਣ ਨਾਲ ਨਜਿੱਠਣ ਲਈ ਲੰਬੇ ਸਮੇਂ ਦੇ ਉਪਾਵਾਂ ਦੀ ਲੋੜ

ਵਿਪਿਨ ਪੱਬੀ

> **ਸਾਨੂੰ ਪਟਾਕਿਆਂ ਦੇ ਉਤਪਾਦਨ ਅਤੇ ਉਨ੍ਹਾਂ ਦੀ ਦਰਾਮਦ 'ਤੇ ਪੂਰੀ ਤਰ੍ਹਾਂ ਬੈਨ ਲਗਾਉਣ ਵਰਗੇ ਕੁੱਝ ਵੱਡੇ ਕਦਮ ਵੀ ਚੁੱਕਣੇ ਪੈਣਗੇ, ਤਾਂ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੀ ਉਪਲੱਧਤਾ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕੇ। ਸਰਕਾਰ ਨੂੰ ਇਸ ਖਤਰੇ ਨਾਲ ਨਜਿੱਠਣ ਲਈ ਘੱਟ ਸਮੇਂ ਦੇ ਅਤੇ ਲੰਬੇ ਸਮੇਂ ਦੋਵਾਂ ਤਰ੍ਹਾਂ ਦੇ ਕਦਮ ਚੁੱਕਣੇ ਚਾਹੀਦੇ ਹਨ।**

ਇਹ ਸਾਲ ਦਾ ਉਹ ਸਮਾਂ ਹੈ, ਜਦੋਂ ਪ੍ਰਦੂਸ਼ਣ ਦਾ ਲੈਵਲ ਆਪਣੇ ਸਿਖਰ 'ਤੇ ਹੁੰਦਾ ਹੈ, ਖਾਸ ਕਰ ਦੇ ਦਿੱਲੀ-ਐੱਨ. ਸੀ. ਆਰ. ਇਲਾਕੇ ਵਿੱਚ ਪਰ ਇਹ ਸਿਰਫ਼ ਉਸੇ ਇਲਾਕੇ ਤੱਕ ਸੀਮਤ ਨਹੀਂ ਹੈ। ਪੂਰੇ ਉੱਤਰੀ ਇਲਾਕੇ ਵਿੱਚ ਹਾਲਾਤ ਲਗਭਗ ਓਨੇ ਹੀ ਖਰਾਬ ਹਨ।

ਇਹ ਉਹ ਸਮਾਂ ਵੀ ਹੈ ਜਦੋਂ ਦਿੱਲੀ ਸਰਕਾਰ ਕੰਸਟ੍ਰਕਸ਼ਨ ਦੇ ਕੰਮਾਂ 'ਤੇ ਰੋਕ ਲਗਾਉਣ, ਟ੍ਰੈਫਿਕ ਦਾ ਓਡ-ਈਵਨ ਸਿਸਟਮ ਲਾਗੂ ਕਰਨ, ਐਜੂਕੇਸ਼ਨਲ ਇੰਸਟੀਚਿਊਸ਼ਨਸ ਬੰਦ ਕਰਨ ਅਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਗੱਡੀਆਂ 'ਤੇ ਭਾਰੀ ਜੁਰਮਾਨਾ ਲਗਾਉਣ ਵਰਗੇ ਥੋੜ੍ਹੇ ਸਮੇਂ ਲਈ ਕਦਮ ਉਠਾ ਕੇ ਹਾਲਾਤ ਨਾਲ ਨਜਿੱਠਣ ਦੀ ਕੋਸ਼ਿਸ਼ ਕਰਦੀ ਹੈ।

ਪਹਿਲੀ ਬਾਰਿਸ਼ ਦੇ ਤੁਰੰਤ ਬਾਅਦ ਹੀ ਇਹ ਕਦਮ ਭੁਲਾ ਦਿੱਤੇ ਜਾਂਦੇ ਹਨ, ਜਿਸ ਨਾਲ ਪ੍ਰਦੂਸ਼ਣ ਦਾ ਪੱਧਰ ਬਹੁਤ ਜ਼ਿਆਦਾ ਘੱਟ ਹੋ ਜਾਂਦਾ ਹੈ। ਜਦੋਂ ਪ੍ਰਦੂਸ਼ਣ ਦਾ ਲੈਵਲ ਫਿਰ ਤੋਂ ਵੱਧਣਾ ਸ਼ੁਰੂ ਹੁੰਦਾ ਹੈ ਤਾਂ ਸਰਕਾਰ ਨੂੰ ਆਪਣੀ ਨੀਂਦ ਤੋਂ ਜਾਗਣ ਵਿੱਚ ਲਗਭਗ ਇੱਕ ਸਾਲ ਲੱਗ ਜਾਂਦਾ ਹੈ- ਨਵੰਬਰ ਦੀ ਸ਼ੁਰੂਆਤ ਵਿੱਚ।

ਇਸ ਸਾਲ ਵੀ ਕੁੱਝ ਵੱਖ ਨਹੀਂ ਸੀ, ਸਿਵਾਏ ਇਸ ਦੇ ਕਿ ਸਭ ਤੋਂ ਵੱਡੀ ਅਦਾਲਤ ਨੇ ਦੀਵਾਲੀ 'ਤੇ 'ਦੋ ਘੰਟੇ' ਦੇ ਲਈ 'ਗ੍ਰੀਨ ਕ੍ਰੈਕਰਸ' ਚਲਾਉਣ ਦੀ ਇਜਾਜ਼ਤ ਦੇ ਕੇ ਆਪਣਾ ਹਿੱਸਾ ਜੋੜਿਆ। ਇਸ ਆਰਡਰ ਨੇ ਉਨ੍ਹਾਂ ਲੋਕਾਂ ਨੂੰ ਖੁਸ਼ ਕੀਤਾ ਜੋ ਇਹ ਦਲੀਲ ਦੇ ਰਹੇ ਸਨ ਕਿ ਪਟਾਕੇ ਚਲਾਉਣ ਤੋਂ ਬਿਨਾਂ ਦੀਵਾਲੀ ਦਾ ਜਸ਼ਨ ਪੂਰਾ ਨਹੀਂ ਹੁੰਦਾ, ਇਹ ਭੁੱਲ ਕੇ ਕਿ ਇਹ ਆਈਡੀਆ ਹਾਲ ਹੀ ਵਿੱਚ ਆਇਆ ਹੈ ਅਤੇ ਦੀਵਾਲੀ ਰਵਾਇਤੀ ਤੌਰ 'ਤੇ ਭਗਵਾਨ ਰਾਮ ਦੇ ਅਯੁੱਧਿਆ ਵਾਪਸ ਪਰਤਣ ਦੇ ਸਵਾਗਤ ਵਿੱਚ ਸਿਰਫ਼ ਦੀਵੇ ਜਗਾ ਕੇ ਮਨਾਈ ਜਾਂਦੀ ਸੀ।



ਸੁਪਰੀਮ ਕੋਰਟ ਦਾ ਆਰਡਰ ਖੁਦ ਨੂੰ ਹਰਾਉਣ ਵਾਲਾ ਸਾਬਿਤ ਹੋਇਆ। ਇਸ ਨੇ ਆਪਣੇ ਹੀ ਆਰਡਰ ਨੂੰ ਲਾਗੂ ਕਰਨਾ ਨਾਮੁਮਕਿਨ ਬਣ ਦਿੱਤਾ। ਮੌਜ-ਮਸਤੀ ਕਰਨ ਵਾਲਿਆਂ ਨੇ ਕਿਸੇ ਰੋਕ-ਟੋਕ ਦੇ ਹਰ ਤਰ੍ਹਾਂ ਦੇ ਪਟਾਕੇ ਚਲਾ ਦਿੱਤੇ ਅਤੇ ਬੇਸ਼ੱਕ ਦੋ ਘੰਟੇ ਦੀ ਰੋਕ ਦੀਆਂ ਧੱਜੀਆਂ ਉੱਡ ਗਈਆਂ। ਹਾਲਾਂਕਿ ਪਟਾਕਿਆਂ ਨਾਲ ਹੋਣ ਵਾਲਾ ਪ੍ਰਦੂਸ਼ਣ ਉੱਚੇ ਪ੍ਰਦੂਸ਼ਣ ਪੱਧਰ ਦੇ ਪਿੱਛੇ ਸਿਰਫ਼ ਇਕ ਕਾਰਨ ਹੋ ਸਕਦਾ ਹੈ ਪਰ ਸਭ ਤੋਂ ਵੱਡੀ ਅਦਾਲਤ ਅਤੇ ਦਿੱਲੀ ਸਰਕਾਰਾਂ ਦਾ ਲਾਪਰਵਾਹੀ ਭਰਿਆ ਰਵੱਈਆ ਇਸ ਮੁੱਦੇ ਨਾਲ ਨਜਿੱਠਣ ਵਿੱਚ ਗੰਭੀਰਤਾ ਦੀ ਕਮੀ ਦਿਖਾਉਂਦਾ ਹੈ।

ਪਿਛਲੇ ਹਫ਼ਤੇ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਮੂੰਹ ਜ਼ੁਬਾਨੀ ਕਿਹਾ ਕਿ ਦਿੱਲੀ-ਐੱਨ. ਸੀ. ਆਰ. ਖੇਤਰ ਵਿੱਚ ਵੱਧਦੇ ਹਵਾ ਪ੍ਰਦੂਸ਼ਣ ਦੇ ਪੱਧਰ ਨੂੰ ਅਸਰਦਾਰ ਤਰੀਕੇ ਨਾਲ ਰੋਕਣ ਵਿੱਚ ਅਧਿਕਾਰੀਆਂ ਵਲੋਂ ਹੁਣ ਤੱਕ ਚੁੱਕੇ ਗਏ ਕਦਮ 'ਪੂਰੀ ਤਰ੍ਹਾਂ ਨਾਲ ਅਸਫਲ' ਰਹੇ ਹਨ। ਇਸ ਨੇ ਟਿੱਪਣੀ ਕੀਤੀ ਕਿ ਪ੍ਰਦੂਸ਼ਣ ਵਿੱਚ ਕਿਸੇ ਵੀ ਸਾਰਥਕ ਕਮੀ ਲਈ ਐਡਹਾਕ ਜਵਾਬਾਂ ਦੀ ਬਜਾਏ ਵੱਡੀ ਅਤੇ ਲੰਬੇ ਸਮੇਂ ਦੀ ਪਲਾਨਿੰਗ ਦੀ ਲੋੜ ਹੋਵੇਗੀ।

ਇਸ ਨੇ ਕਿਹਾ ਕਿ ਇੱਕ ਲੰਬੇ ਸਮੇਂ ਦੀ ਯੋਜਨਾ ਬਣਾਉਣ ਅਤੇ ਉਸ ਨੂੰ ਹੌਲੀ-ਹੌਲੀ ਲਾਗੂ ਕਰਨ ਦੀ ਲੋੜ ਹੈ। ਕੋਰਟ ਨੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਸੀ. ਏ. ਕਿਊ. ਐੱਮ.) ਨੂੰ ਕਿਹਾ ਕਿ ਲੰਬੇ ਸਮੇਂ ਲਈ ਕਦਮ ਉਠਾਏ, ਜਿਸ ਵਿੱਚ ਸ਼ਹਿਰੀ ਆਵਾਜਾਈ, ਸਾਫ-ਸੁਥਰੀ ਇੰਡਸਟਰੀ ਅਤੇ ਗ੍ਰੀਨ ਐਨਰਜੀ ਦੀ ਵਰਤੋਂ, ਕੰਸਟ੍ਰਕਸ਼ਨ ਦੇ ਕੰਮਾਂ ਦਾ ਰੈਗੂਲੇਸ਼ਨ, ਪਰਾਲੀ ਸਾੜਨ ਅਤੇ ਘਰੇਲੂ ਕੰਮਾਂ ਨਾਲ ਹੋਣ ਵਾਲੇ ਉਤਸਰਜਨ 'ਤੇ ਰੋਕ ਲਗਾਉਣਾ, ਪਬਲਿਕ ਟਰਾਂਸਪੋਰਟ ਸਿਸਟਮ ਨੂੰ ਮਜ਼ਬੂਤ ਕਰਨਾ ਅਤੇ ਨਾਗਰਿਕਾਂ ਨੂੰ ਜਾਗਰੂਕ ਕਰਨ ਵਾਲੇ ਪ੍ਰੋਗਰਾਮ ਤੇਜ਼ ਕਰਨਾ ਸ਼ਾਮਲ ਹੈ।

ਸੁਪਰੀਮ ਕੋਰਟ ਦੇ ਨਿਰਦੇਸ਼ ਬਹੁਤ ਪਹਿਲਾਂ ਹੀ ਆ ਜਾਣੇ ਚਾਹੀਦੇ ਸਨ ਅਤੇ ਜ਼ਰੂਰੀ ਵੀ ਹਨ। ਪ੍ਰਦੂਸ਼ਣ ਦੇ ਉੱਚੇ ਪੱਧਰ ਨੂੰ ਦੇਖਦੇ ਹੋਏ ਸਾਲਾਂ ਪਹਿਲਾਂ ਹੀ ਢਾਂਚਾਗਤ ਦਖਲ ਦੇਣਾ ਚਾਹੀਦਾ ਸੀ। ਹਾਲਾਂਕਿ ਮੀਂਹ ਦੇ ਬਾਅਦ ਏ. ਕਿਊ. ਆਈ. ਦਾ ਪੱਧਰ ਘੱਟ ਹੋਣ 'ਤੇ ਇਸ ਗੰਭੀਰ ਮੁੱਦੇ ਨੂੰ ਦਬਾਉਣ ਦੀ ਆਦਤ ਰਹੀ ਹੈ। ਇਹ ਆਮ ਗੱਲ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲਿਆਂ ਨੂੰ ਗੰਭੀਰ ਸਿਹਤ ਸਮੱਸਿਆਵਾਂ ਹੁੰਦੀਆਂ ਹਨ। ਇਸ ਗੱਲ ਦੇ ਕਾਫੀ ਮੈਡੀਕਲ ਸਬੂਤ ਹਨ ਕਿ ਪ੍ਰਦੂਸ਼ਣ ਬੱਚਿਆਂ ਦੇ ਵਿਕਾਸ 'ਤੇ ਕਿਵੇਂ ਬੁਰਾ ਅਸਰ ਪਾਉਂਦਾ ਹੈ ਅਤੇ ਉਨ੍ਹਾਂ ਵਿੱਚ ਦਮੇ ਅਤੇ ਫੇਫੜਿਆਂ ਦੀਆਂ ਦੂਜੀਆਂ ਬੀਮਾਰੀਆਂ ਦੇ ਮਾਮਲੇ ਜ਼ਿਆਦਾ ਹੁੰਦੇ ਹਨ। ਕੁੱਝ ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਦੀ ਉਮਰ ਜ਼ਿਆਦਾ ਪ੍ਰਦੂਸ਼ਣ ਪੱਧਰ ਦੇ ਸੰਪਰਕ ਵਿੱਚ ਆਉਣ ਕਾਰਨ ਕਈ ਸਾਲ ਘੱਟ ਹੋ ਜਾਂਦੀ ਹੈ।

ਦੂਜੇ ਦੇਸ਼ਾਂ ਤੋਂ ਸਬਕ ਲੈਣਾ ਜ਼ਰੂਰੀ ਹੈ, ਜੋ ਪ੍ਰਦੂਸ਼ਣ ਦੇ ਮੁੱਦੇ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਵਿੱਚ ਕਾਮਯਾਬ ਰਹੇ ਹਨ। ਬੀਜਿੰਗ ਦੀ ਕਾਮਯਾਬੀ ਸਾਡੇ ਦੇਸ਼ ਦੇ ਕਰੀਬ ਹੈ, ਜੋ ਕਦੇ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਸੀ ਪਰ 2013 ਅਤੇ 2021 ਦਰਮਿਆਨ ਆਪਣੇ ਸਾਲਾਨਾ ਪ੍ਰਦੂਸ਼ਣ ਪੱਧਰ ਨੂੰ 50 ਫ਼ੀਸਦੀ ਤੋਂ ਵੱਧ ਘੱਟ ਕਰਨ ਵਿੱਚ ਕਾਮਯਾਬ ਰਿਹਾ।

ਇਸ ਦਾ ਬਦਲਾਅ ਊਰਜਾ, ਟਰਾਂਸਪੋਰਟ ਅਤੇ ਉਦਯੋਗਾਂ ਵਿੱਚ ਵੱਡੇ ਪੱਧਰ 'ਤੇ ਉੱਪਰ ਤੋਂ ਹੇਠਾਂ ਤੱਕ ਕੀਤੇ ਗਏ ਦਾਖਲ 'ਤੇ ਫੋਕਸ ਕਰਨ ਵਾਲੇ ਉਪਾਵਾਂ ਨਾਲ ਹੋਇਆ। ਇਸ ਨੇ ਇਲੈਕਟ੍ਰਿਕ ਮੋਬਿਲਿਟੀ ਨੂੰ ਬਹੁਤ ਵਧਾਇਆ, ਸੈਂਕੜੇ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਨੂੰ ਬੰਦ ਕਰ ਦਿੱਤਾ ਜਾਂ ਦੂਜੀ ਜਗ੍ਹਾ ਸ਼ਿਫਟ ਕਰ ਦਿੱਤਾ, ਕੋਲੇ ਨਾਲ ਚੱਲਣ ਵਾਲੇ ਹਜ਼ਾਰਾਂ ਬੁਆਇਲਰਸ ਨੂੰ ਕੁਦਰਤੀ ਗੈਸ ਵਿੱਚ ਬਦਲ ਦਿੱਤਾ, ਗੱਡੀਆਂ ਵਿੱਚੋਂ ਨਿਕਲਣ ਵਾਲੇ ਪ੍ਰਦੂਸ਼ਣ ਸੰਬੰਧੀ ਸਖਤ ਐਮੀਸ਼ਨ ਸਟੈਂਡਰਡ ਲਾਗੂ ਕੀਤੇ ਅਤੇ ਪਾਲਣਾ ਨਾ ਕਰਨ 'ਤੇ ਭਾਰੀ ਜੁਰਮਾਨਾ ਲਗਾਇਆ ਅਤੇ ਹੋਰ ਵੀ ਕਈ ਉਪਾਅ ਕੀਤੇ ਗਏ।

ਸਾਡੇ ਵਰਗੇ ਜਮਹੂਰੀ ਦੇਸ਼ ਵਿੱਚ ਸ਼ਹਿਰ ਤੋਂ 30,000 ਪ੍ਰਦੂਸ਼ਣ ਫੈਲਾਉਣ ਵਾਲੀਆਂ ਛੋਟੀਆਂ ਅਤੇ ਮੀਡੀਅਮ ਇਕਾਈਆਂ ਨੂੰ ਹਟਾਉਣ ਵਰਗੇ ਕਦਮ ਚੁੱਕਣਾ ਮੁਮਕਿਨ ਨਹੀਂ ਹੋਵੇਗਾ ਪਰ ਅਸੀਂ ਉਨ੍ਹਾਂ ਅਸੂਲਾਂ ਦੀ ਵਰਤੋਂ ਕਰ ਸਕਦੇ ਹਾਂ ਜਿਨ੍ਹਾਂ ਨਾਲ ਚੀਨ ਦੀ ਤਰੱਕੀ ਮੁਮਕਿਨ ਹੋਈ।

ਇਸ ਨਾਲ ਜੋ ਸਬਕ ਮਿਲ ਸਕਦੇ ਹਨ, ਉਨ੍ਹਾਂ ਵਿੱਚੋਂ ਇੱਕ ਹੈ ਐਡਹਾਕ ਰਿਸਪਾਂਸ ਤੋਂ ਹੱਟ ਕੇ ਲੰਬੇ ਸਮੇਂ ਤੱਕ ਚੱਲਣ ਵਾਲੀ, ਮਿਸ਼ਨ 'ਤੇ ਆਧਾਰਿਤ ਰਣਨੀਤੀ ਅਪਣਾਉਣਾ। ਏਅਰ ਪਲਿਊਸ਼ਣ ਨੂੰ ਨੈਸ਼ਨਲ ਪਬਲਿਕ ਹੈਲਥ ਐਮਰਜੈਂਸੀ ਮੰਨਣਾ ਚਾਹੀਦਾ ਹੈ ਅਤੇ ਕਲੀਨ ਐਨਰਜੀ ਵੱਲ ਆਪਣੇ ਬਦਲਾਅ ਨੂੰ ਤੇਜ਼ ਕਰਨਾ ਚਾਹੀਦਾ ਹੈ। ਇਸ ਵਿੱਚ ਗੱਡੀਆਂ ਦੇ ਉਤਸਰਜਨ ਪੱਧਰ ਵਿੱਚ ਸੁਧਾਰ ਸ਼ਾਮਲ ਹੈ। ਇਹ ਸਭ ਜਾਣਦੇ ਹਨ ਕਿ ਭਾਰਤ ਵਿੱਚ ਬਿਨਾਂ ਗੱਡੀ ਦਾ ਟੈਸਟ ਕੀਤੇ ਹੀ ਗੱਡੀਆਂ ਲਈ ਪਲਿਊਸ਼ਨ ਫ੍ਰੀ ਸਰਟੀਫਿਕੇਟ ਮਿਲਣਾ ਕਿੰਨਾ ਸੌਖਾ ਹੈ। ਪਬਲਿਕ ਟਰਾਂਸਪੋਰਟ ਸਿਸਟਮ ਨੂੰ ਮਜ਼ਬੂਤ ਕਰਨਾ ਅਤੇ ਸ਼ਹਿਰਾਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੀਆਂ ਇਕਾਈਆਂ ਨੂੰ ਪੂਰੀ ਤਰ੍ਹਾਂ ਨਾਲ ਇਕਵਿਪਡ ਥਾਵਾਂ 'ਤੇ ਸ਼ਿਫਟ ਕਰਨ ਲਈ ਚੰਗੇ ਬਦਲ ਦੇਣਾ, ਇਸ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਚੁੱਕੇ ਜਾਣ ਵਾਲੇ ਦੂਜੇ ਤਰੀਕਿਆਂ ਵਿੱਚੋਂ ਇੱਕ ਹੋ ਸਕਦਾ ਹੈ।

ਸਾਨੂੰ ਪਟਾਕਿਆਂ ਦੇ ਉਤਪਾਦਨ ਅਤੇ ਉਨ੍ਹਾਂ ਦੀ ਦਰਾਮਦ 'ਤੇ ਪੂਰੀ ਤਰ੍ਹਾਂ ਬੈਨ ਲਗਾਉਣ ਵਰਗੇ ਕੁੱਝ ਵੱਡੇ ਕਦਮ ਵੀ ਚੁੱਕਣੇ ਪੈਣਗੇ, ਤਾਂ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੀ ਉਪਲੱਧਤਾ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕੇ। ਸਰਕਾਰ ਨੂੰ ਇਸ ਖਤਰੇ ਨਾਲ ਨਜਿੱਠਣ ਲਈ ਘੱਟ ਸਮੇਂ ਦੇ ਅਤੇ ਲੰਬੇ ਸਮੇਂ ਦੋਵਾਂ ਤਰ੍ਹਾਂ ਦੇ ਕਦਮ ਚੁੱਕਣੇ ਚਾਹੀਦੇ ਹਨ।

ਸੁਪਰੀਮ ਕੋਰਟ ਪਹਿਲਾਂ ਹੀ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਨੂੰ ਗੱਲਬਾਤ ਰਾਹੀਂ ਸਮਝੌਤੇ 'ਤੇ ਅਪੜਨ ਲਈ ਇੱਕ ਮੌਕਾ ਦੇ ਚੁੱਕੀ ਹੈ । ਸ਼ਾਇਦ ਇਸ ਦਿਸ਼ਾ ਵਿੱਚ ਸ਼ੁਰੂਆਤ ਦੋਵਾਂ ਪਾਸਿਆਂ ਦੇ ਸੂਝ-ਬੂਝ ਵਾਲੇ ਲੋਕਾਂ, ਬੁੱਧੀਜੀਵੀਆਂ ਅਤੇ ਕਿਸਾਨਾਂ ਦੇ ਸ਼ੁਭਚਿੰਤਕਾਂ ਵੱਲੋਂ ਕੀਤੀ ਜਾ ਸਕਦੀ ਹੈ ਤਾਂ ਜੋ ਇਸ ਨੂੰ ਗੱਲਬਾਤ ਰਾਹੀਂ ਸਮਝੌਤੇ ਦਾ ਰੂਪ ਦੇਣ ਤੋਂ ਪਹਿਲਾਂ ਇੱਕ ਸਾਂਝੀ ਸਮਝ ਕਾਇਮ ਕੀਤੀ ਜਾ ਸਕੇ ।



# ਕਿਵੇਂ ਹੱਲ ਹੋਵੇ ਪਾਣੀਆਂ ਦਾ ਮਸਲਾ?

ਹਰਿਆਣਾ ਸੂਬੇ ਦੇ ਗਠਨ ਤੇ ਪੰਜਾਬੀ ਸੂਬੇ ਦੀ ਸਿਰਜਣਾ ਦੀ 60ਵੀਂ ਵਰ੍ਹੇਗੰਢ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੋਵੇਗਾ ? ਮੇਰੇ ਕੋਲ ਇੱਕ ਤਜਵੀਜ਼ ਹੈ । ਇਸ ਇਤਿਹਾਸਕ ਮੌਕੇ ਨੂੰ ਪੰਜਾਬ ਅਤੇ ਹਰਿਆਣੇ ਵਿਚਾਲੇ ਚੱਲ ਰਹੇ ਪਾਣੀ ਦੇ ਵਿਵਾਦ ਨੂੰ ਦੋਸਤਾਨਾ ਢੰਗ ਨਾਲ ਹੱਲ ਕਰਨ ਲਈ ਵਰਤਿਆ ਜਾਵੇ । ਇਹ ਇਨ੍ਹਾਂ ਦੋਵਾਂ ਰਾਜਾਂ ਦੇ ਸਾਰੇ ਸੱਭਿਆਚਾਰ ਅਤੇ ਇਤਿਹਾਸ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ । ਇਸ ਨਾਲ ਇਤਿਹਾਸਕ ਕਿਸਾਨ ਸੰਘਰਸ਼ ਦੇ ਗਵਾਹ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਏਕਤਾ ਨੂੰ ਵੀ ਮਜ਼ਬੂਤੀ ਮਿਲੇਗੀ ।

ਪਹਿਲਾਂ ਹੀ ਕਈ ਸਮਝਦਾਰ ਲੋਕ ਮੇਰੀ ਇਸ ਗੱਲ ਨਾਲ ਸਹਿਮਤੀ ਪ੍ਰਗਟਾ ਚੁੱਕੇ ਹਨ ਪਰ ਨਾਲ ਹੀ ਉਨ੍ਹਾਂ ਦਾ ਸੁਆਲ ਹੈ ਕਿ ਇਹ ਕਿਵੇਂ ਸੰਭਵ ਹੈ ? ਕੀ ਗੱਲ ਕਿਸੇ ਤਣ ਪੱਤਣ ਲੱਗ ਸਕਦੀ ਹੈ ? ਜੇ ਕਿਸੇ ਇੱਕ ਦਾ ਲਾਭ ਹੋਵੇਗਾ ਤਾਂ ਦੂਜੇ ਦਾ ਨੁਕਸਾਨ ਹੋਣਾ ਲਾਜ਼ਮੀ ਹੈ । ਹਾਰਨ ਲਈ ਕੌਣ ਰਾਜ਼ੀ ਹੋਵੇਗਾ ? ਅਜਿਹਾ ਕਿਹੜਾ ਪ੍ਰਸਤਾਵ ਹੋਵੇਗਾ ਜੋ ਦੋਵੇਂ ਧਿਰਾਂ ਨੂੰ ਮਨਜ਼ੂਰ ਹੋਵੇਗਾ ? ਹਕੀਕਤ ਇਹ ਹੈ ਕਿ ਦੋਵੇਂ ਧਿਰਾਂ ਵਿੱਚੋਂ ਕੋਈ ਵੀ ਪਾਣੀ ਦੀ ਇੱਕ ਬੂੰਦ ਛੱਡਣ ਲਈ ਰਾਜ਼ੀ ਨਹੀਂ ।

ਮੇਰਾ ਮੰਨਣਾ ਹੈ ਕਿ ਇਹ ਪੂਰੀ ਸਚਾਈ ਨਹੀਂ ਹੈ । ਪਿਛਲੇ ਇੱਕ ਦਹਾਕੇ ਦੌਰਾਨ ਮੈਂ ਵਾਰ-ਵਾਰ ਤਰਕ ਦਿੱਤਾ ਹੈ ਕਿ ਪੰਜਾਬ ਹਰਿਆਣਾ ਐੱਸ ਵਾਈ ਐੱਲ ਮੁੱਦੇ ਦਾ ਹੱਲ ਇੰਨਾ ਅਸੰਭਵ ਨਹੀਂ, ਜਿਨਾ ਇਸ ਨੂੰ ਬਣਾ ਦਿੱਤਾ ਗਿਆ ਹੈ । ਠੀਕ ਹੈ, ਇਹ ਮੁਸ਼ਕਲ ਹੈ ਜਿਵੇਂ ਕਿ ਸਾਰੇ ਹੀ ਮੁੱਦੇ ਹੁੰਦੇ ਹਨ, ਪਰ ਜੇਕਰ ਅਸੀਂ ਇਸ 'ਤੇ ਸਹੀ ਢੰਗ ਨਾਲ ਸੋਚਾਂਗੇ ਤਾਂ ਇਸ ਦਾ ਹੱਲ ਨਿਕਲ ਸਕਦਾ ਹੈ ।



ਸਹੀ ਸੋਚ ਲਈ ਕੁੱਝ ਕੌੜੀਆਂ ਤੇ ਅਸਹਿਜ ਸਚਾਈਆਂ ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ । ਪਹਿਲੀ ਗੱਲ, ਇਸ ਮੁੱਦੇ ਦਾ ਹੱਲ ਕੋਈ ਕਾਨੂੰਨ ਬਣਾ ਕੇ ਜਾਂ ਕਿਸੇ ਅਦਾਲਤ ਦੇ ਹੁਕਮ ਨਾਲ ਨਹੀਂ ਸਗੋਂ ਗੱਲਬਾਤ ਰਾਹੀਂ ਹੀ ਨਿਕਲ ਸਕਦਾ ਹੈ । ਇਹ ਗੱਲ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਹਰਿਆਣਾ ਦੇ ਪੱਖ ਵਿੱਚ ਅਦਾਲਤੀ ਹੁਕਮ ਹਨ ਤੇ ਪੰਜਾਬ ਕੋਲ ਕਬਜ਼ਾ । ਕਿਸੇ ਵੀ ਸਮਝਦਾਰ ਕਿਸਾਨ ਨੂੰ ਇਹ ਪਤਾ ਹੁੰਦਾ ਹੈ ਕਿ ਕਬਜ਼ਾ ਅੱਧੀ ਮਾਲਕੀ ਦੇ ਬਰਾਬਰ ਹੁੰਦਾ ਹੈ । ਇਹ ਸਵੀਕਾਰ ਕਰਨ ਦਾ ਸਮਾਂ ਆ ਗਿਆ ਹੈ ਕਿ 25 ਸਾਲ ਪੁਰਾਣਾ ਸੁਪਰੀਮ ਕੋਰਟ ਦਾ ਹੁਕਮ ਪੰਜਾਬ ਵਰਗੇ ਸਰਹੱਦੀ ਸੂਬੇ ਦੇ ਲੋਕਾਂ 'ਤੇ ਥੋਪਿਆ ਨਹੀਂ ਜਾ ਸਕਦਾ । ਇਸ ਨੁਕਤੇ ਦਾ ਦੂਜਾ ਪੱਖ ਇਹ ਮੰਨਣਾ ਹੈ ਕਿ ਪੰਜਾਬ ਰਾਜ ਸਿਰਫ਼ ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤਿਆਂ ਨੂੰ ਰੱਦ ਨਹੀਂ ਕਰ ਸਕਦਾ ਤੇ ਨਾ ਹੀ ਐੱਸ ਵਾਈ ਐੱਲ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ ਦੇ ਅਮਲ ਨੂੰ ਉਲਟਾ ਨਹੀਂ ਸਕਦਾ ।

ਦੋਵੇਂ ਧਿਰਾਂ ਦੇ ਅਜਿਹੇ ਕਾਨੂੰਨੀ ਦਾਅ ਪੇਚ ਗੁਆਂਢੀ ਸੂਬਿਆਂ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਵਿੱਚ ਬੇਭਰੋਸਗੀ ਦੇ ਬੀਜ ਬੀਜਣ ਦਾ ਕੰਮ ਕਰਨਗੀਆਂ । ਤੁਸੀਂ ਸਭ ਕੁੱਝ ਬਦਲ ਸਕਦੇ ਹੋ, ਪਰ ਆਪਣੇ ਮਾਤਾ-ਪਿਤਾ ਤੇ ਆਪਣੇ ਗੁਆਂਢ ਨੂੰ ਨਹੀਂ ਬਦਲ ਸਕਦੇ ।

ਦੂਜਾ ਕੌੜਾ ਸੱਚ ਇਹ ਹੈ ਕਿ ਦੋਵੇਂ ਸੂਬਿਆਂ ਦੇ ਸਿਆਸਤਦਾਨਾਂ ਨੇ ਨਿਹਾਇਤ ਗੈਰਜ਼ਿੰਮੇਵਾਰਾਨਾ ਰਵੱਈਆ ਅਖ਼ਤਿਆਰ ਕਰਦੇ ਹੋਏ ਇਸ ਮੁੱਦੇ ਨੂੰ ਸਿਰਫ਼ ਵਿਗਾੜਿਆ ਹੈ । ਇਹ ਗੱਲ ਸਹਿਜੇ ਹੀ ਸਮਝੀ ਜਾ ਸਕਦੀ ਹੈ ਕਿ ਪੰਜਾਬ ਅਤੇ ਹਰਿਆਣਾ ਦੀਆਂ ਖੇਤਰੀ ਸਿਆਸੀ ਪਾਰਟੀਆਂ ਅਕਾਲੀ ਦਲ ਦੇ ਇੰਡੀਅਨ ਨੈਸ਼ਨਲ ਲੋਕ ਦਲ ਨੇ ਆਪਣੇ ਫਾਇਦਿਆਂ ਲਈ ਇਸ ਮੁੱਦੇ ਨੂੰ ਉਲਝਾਈ ਰੱਖਿਆ ਹੈ, ਜਦਕਿ ਨਿੱਜੀ ਪੱਧਰ 'ਤੇ ਦੋਵੇਂ ਪਾਰਟੀਆਂ ਦੇ ਲੀਡਰਾਂ ਦੇ ਸੰਬੰਧ ਕਾਫ਼ੀ ਨਿੱਘੇ ਰਹੇ ਹਨ । ਪਰ ਸਭ ਤੋਂ ਹੈਰਾਨ ਕਰਨ ਵਾਲਾ ਰਵੱਈਆ ਕੌਮੀ ਸਿਆਸੀ ਪਾਰਟੀਆਂ ਦਾ ਹੈ, ਜਿਨ੍ਹਾਂ ਕੌਮੀ ਹਿੱਤ ਨੂੰ ਪੂਰੀ ਤਰ੍ਹਾਂ ਅਣਡਿੱਠ ਕੀਤਾ ਹੈ ।



ਯੋਗੇਂਦਰ ਯਾਦਵ

ਪਹਿਲਾਂ ਕਾਂਗਰਸ, ਫਿਰ ਭਾਜਪਾ ਤੇ ਹੁਣ ਆਮ ਆਦਮੀ ਪਾਰਟੀ ਸਭ ਨੇ ਸਿਆਸੀ ਦੋਗਲੇਪਨ ਨੂੰ ਅਪਣਾਇਆ ਹੈ । ਇਨ੍ਹਾਂ ਪਾਰਟੀਆਂ ਦੀਆਂ ਪੰਜਾਬ ਤੇ ਹਰਿਆਣਾ ਇਕਾਈਆਂ ਇੱਕ ਦੂਜੇ ਦੇ ਬਿਲਕੁਲ ਉਲਟ ਫ਼ੈਸਲੇ ਲੈਂਦੀਆਂ ਰਹੀਆਂ ਹਨ, ਜਦਕਿ ਕੌਮੀ ਲੀਡਰਸ਼ਿਪ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ ਹੈ ।

ਅਖ਼ੀਰ ਵਾਤਾਵਰਨ ਪੱਖੋਂ ਇੱਕ ਅਸਹਿਜ ਹਕੀਕਤ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੋਵੇਂ ਹੀ ਆਪਣੀਆਂ ਪਾਣੀ ਦੀਆਂ ਲੋੜਾਂ ਨੂੰ ਵਧਾ-ਚੜ੍ਹਾਅ ਕੇ ਦੱਸਣ ਦੇ ਦੋਸ਼ੀ ਹਨ । ਹਰੀ ਕ੍ਰਾਂਤੀ ਨੇ ਦੋਵੇਂ ਰਾਜਾਂ ਦੇ ਕਿਸਾਨਾਂ 'ਤੇ ਝੋਨੇ ਅਤੇ ਕਮਾਦ ਵਰਗੀਆਂ ਪਾਣੀ ਦੀ ਜ਼ਿਆਦਾ ਖਪਤ ਕਰਨ ਵਾਲੀਆਂ ਫ਼ਸਲਾਂ ਬੀਜਣ ਲਈ ਦਬਾਅ ਪਾਇਆ, ਜੋ ਇਸ ਖੇਤਰ ਦੀ ਜਲਵਾਯੂ ਅਤੇ ਮਿੱਟੀ ਦੇ ਅਨੁਕੂਲ ਵੀ ਨਹੀਂ ਸਨ । ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਨਾ ਅਪਨਾਉਣ ਲਈ ਦੋਸ਼ੀ ਠਹਿਰਾਉਣਾ ਜਾਂ ਉਨ੍ਹਾਂ ਵੱਲੋਂ ਫ਼ਸਲੀ ਵਿਭਿੰਨਤਾ ਅਪਨਾਉਣ ਦੀ ਉਮੀਦ ਕਰਨਾ ਫਜ਼ੂਲ ਹੈ । ਇਸ ਦੇ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਇਹ ਭਰੋਸਾ ਦੁਆਇਆ ਜਾਵੇ ਕਿ ਜੇਕਰ ਉਹ ਫ਼ਸਲੀ ਵਿਭਿੰਨਤਾ ਅਪਨਾਉਣਗੇ ਤਾਂ ਉਨ੍ਹਾਂ ਫ਼ਸਲਾਂ ਦਾ ਲਾਹੇਵੰਦ ਭਾਅ ਯਕੀਨੀ ਬਣਾਇਆ ਜਾਵੇਗਾ ।

ਇੱਕ ਯਥਾਰਥਵਾਦੀ ਹੱਲ ਸਾਰੀਆਂ ਧਿਰਾਂ ਦੇ ਅਸਲ ਮੁੱਦਿਆਂ ਨੂੰ ਸਮਝਦੇ ਹੋਏ ਹੀ ਕੱਢਿਆ ਜਾ ਸਕਦਾ ਹੈ । ਪੰਜਾਬ ਦੇ ਕਿਸਾਨ, ਖ਼ਾਸ ਤੌਰ 'ਤੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਹ ਫਿਕਰ ਵੱਢ-ਵੱਢ ਖਾ ਰਿਹਾ ਹੈ ਕਿ ਜਿਸ ਪਾਣੀ ਨਾਲ ਉਹ ਪਿਛਲੇ ਕਈ ਦਹਾਕਿਆਂ ਤੋਂ ਸਿੰਜਾਈ ਕਰਦੇ ਆ ਰਹੇ ਹਨ, ਉਹ ਹੁਣ ਹੌਲੀ-ਹੌਲੀ ਘੱਟ ਰਿਹਾ ਹੈ । ਇਸੇ ਤਰ੍ਹਾਂ, ਉੱਤਰੀ ਰਾਜਸਥਾਨ ਵਿੱਚ ਹਰੀ ਕ੍ਰਾਂਤੀ ਵਾਲਾ ਖੇਤਰ ਸਿੰਜਾਈ ਲਈ ਪੂਰੀ ਤਰ੍ਹਾਂ ਰਾਵੀ ਬਿਆਸ ਦੇ ਪਾਣੀ 'ਤੇ ਨਿਰਭਰ ਹੈ । ਇਹ ਸਾਰੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਜ਼ਰੂਰੀ ਹਨ । ਨਾਲ ਹੀ ਇਹ ਗੱਲ ਵੀ ਸਮਝਣੀ ਜ਼ਰੂਰੀ ਹੈ ਕਿ ਦੱਖਣੀ ਹਰਿਆਣਾ ਦੇ ਕਿਸਾਨ ਖੇਤੀ ਲਈ ਅੱਜ ਵੀ ਸਿਰਫ਼ ਮੀਂਹ 'ਤੇ ਨਿਰਭਰ ਹਨ ਤੇ ਉਨ੍ਹਾਂ ਨੂੰ ਸਿੰਜਾਈ ਲਈ ਲਹਿਰ ਦੀ ਸਖ਼ਤ ਲੋੜ ਹੈ । ਇਸ ਖੇਤਰ ਦੇ ਕੁੱਝ ਹਿੱਸਿਆਂ ਵਿੱਚ ਪੀਣ ਵਾਲੇ ਪਾਣੀ ਦਾ ਵੀ ਸੰਕਟ ਹੈ ਜਿਸ ਵੱਲ ਧਿਆਨ ਦੇਣ ਦੀ ਲੋੜ ਹੈ ।

ਖ਼ੁਸ਼ਕਿਸਮਤੀ ਨਾਲ, ਇਹ ਮੁੱਦਾ ਓਨਾ ਵੱਡਾ ਨਹੀਂ ਹੈ, ਜਿੰਨਾ ਇਸ ਨੂੰ ਬਣਾ ਦਿੱਤਾ ਗਿਆ ਹੈ । ਸਤਲੁਜ ਦੇ ਪਾਣੀਆਂ, ਜੋ ਤਕਰੀਬਨ 14.01 ਮਿਲੀਅਨ ਏਕੜ ਫੁੱਟ (ਐੱਮ ਏ ਐੱਫ) ਹੈ, ਦੀ ਅੰਦਰੂਨੀ ਵੰਡ ਬਾਰੇ ਕੋਈ ਵਿਵਾਦ ਨਹੀਂ ਹੈ । ਮੂਲ ਸਮਝੌਤੇ ਅਨੁਸਾਰ ਪੰਜਾਬ ਨੂੰ 8.15 ਐੱਮ ਏ ਐੱਫ ਪਾਣੀ ਮਿਲਦਾ ਹੈ, ਜਦਕਿ 4.4 ਐੱਮ ਏ ਐੱਫ ਹਰਿਆਣਾ ਨੂੰ ਤੇ 1.46 ਐੱਮ ਏ ਐੱਫ ਰਾਜਸਥਾਨ ਨੂੰ ਜਾਂਦਾ ਹੈ । ਵਿਵਾਦ ਬਾਕੀ ਅੱਧੇ ਹਿੱਸੇ, ਯਾਨੀ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਬਾਰੇ ਹੈ, ਜੋ 15.9 ਅਤੇ 18.3 ਐੱਮ ਏ ਐੱਫ ਦੇ ਵਿਚਕਾਰ ਹੋਣ ਦਾ ਅਨੁਮਾਨ ਹੈ । ਇੱਥੇ, ਪੰਜਾਬ ਦਾ ਹਿੱਸਾ ਪਹਿਲਾਂ 1976 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੁਆਰਾ ਕਰਵਾਏ ਗਏ ਇੱਕ ਗੈਰ-ਮੁਨਾਸਿਬ ਸਮਝੌਤੇ ਅਨੁਸਾਰ 22 ਫ਼ੀਸਦ ਨਿਰਧਾਰਤ ਕੀਤਾ ਗਿਆ ਸੀ । ਬਾਅਦ ਵਿੱਚ 1961 ਵਿੱਚ ਸਾਰੇ ਮੁੱਖ ਮੰਤਰੀਆਂ ਦੀ ਆਪਸੀ ਸਹਿਮਤੀ ਨਾਲ ਇਸ ਨੂੰ 25 ਫ਼ੀਸਦ ਅਤੇ ਫਿਰ 1987 ਵਿੱਚ ਇਰਾਡੀ ਕਮਿਸ਼ਨ ਵੱਲੋਂ 20 ਫ਼ੀਸਦ ਤੈਅ ਕੀਤਾ ਸੀ । ਵਿਵਾਦ ਵੱਧ ਤੋਂ ਵੱਧ, ਲਗਪਗ ਇੱਕ ਐੱਮ ਏ ਐੱਫ ਪਾਣੀ ਦਾ ਹੈ, ਜੋ ਸਤਲੁਜ-ਰਾਵੀ-ਬਿਆਸ ਦੇ ਸਾਂਝੇ ਪਾਣੀਆਂ ਦਾ ਲਗਪਗ 3 ਫ਼ੀਸਦ ਬਣਦਾ ਹੈ ।

ਇੱਥੇ ਗੱਲਬਾਤ ਰਾਹੀਂ ਹੱਲ ਕੱਢਣ ਲਈ ਪੰਜ ਨੁਕਾਤੀ ਢਾਂਚਾ ਪੇਸ਼ ਕੀਤਾ ਗਿਆ ਹੈ :

ਪਹਿਲਾ, ਰਾਵੀ ਅਤੇ ਬਿਆਸ ਵਾਟਰਜ਼ ਟ੍ਰਿਬਿਊਨਲ (ਪਹਿਲਾ ਇਰਾਡੀ ਟ੍ਰਿਬਿਊਨਲ) ਨੂੰ ਆਪਣੀ ਤਕਨੀਕੀ ਰਿਪੋਰਟ ਨੂੰ ਅੰਤਿਮ ਰੂਪ ਦੇਣ ਦੀ ਪ੍ਰਵਾਨਗੀ ਦੇ ਕੇ ਉਪਲੱਬਧ ਪਾਣੀ ਦੀ ਮਾਤਰਾ ਬਾਰੇ ਵਿਵਾਦ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ । ਦੂਜਾ, ਕੇਂਦਰ ਸਰਕਾਰ ਨੂੰ ਪਾਕਿਸਤਾਨ ਵੱਲ ਅਜਾਈਂ ਵਗ ਰਹੇ ਭਾਰਤ ਦੇ ਹਿੱਸੇ ਦੇ ਪਾਣੀ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਵੰਡੇ ਜਾਣ ਵਾਲੇ ਪਾਣੀ ਦੀ ਮਾਤਰਾ ਵਿੱਚ ਵਾਧਾ ਹੋਵੇ । ਤਿੰਨ, ਹਰਿਆਣਾ ਅਤੇ ਰਾਜਸਥਾਨ ਨੂੰ ਰਾਵੀ ਬਿਆਸ ਦੇ ਪਾਣੀਆਂ ਦੇ ਆਪਣੇ ਪਹਿਲਾਂ ਸਹਿਮਤ ਹੋਏ ਹਿੱਸੇ ਦਾ ਇੱਕ ਹਿੱਸਾ ਪੰਜਾਬ ਨੂੰ ਛੱਡਣ ਲਈ ਸਹਿਮਤ ਹੋਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਹ ਪਾਣੀ ਖੇਤੀ ਲਈ ਲੋੜੀਂਦਾ ਹੈ । ਚੌਥਾ, ਇਸ ਦੇ ਬਦਲੇ ਵਿੱਚ, ਪੰਜਾਬ ਨੂੰ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਕਰਵਾਉਣ ਅਤੇ ਉਸ ਮਗਰੋਂ ਨਿਰਵਿਘਨ ਪਾਣੀ ਛੱਡਣ ਬਾਰੇ ਤੈਅ ਸਮਾਂ ਸੀਮਾ ਨਿਰਧਾਰਤ ਕਰਨ ਲਈ ਸਹਿਮਤ ਹੋਣਾ ਚਾਹੀਦਾ ਹੈ । ਪੰਜਵਾਂ, ਕੇਂਦਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ ਫ਼ਸਲੀ ਵਿਭਿੰਨਤਾ ਲਈ ਇੱਕ ਵਿਸ਼ੇਸ਼ ਪੈਕੇਜ ਦਾ ਐਲਾਨ ਕਰਨਾ ਚਾਹੀਦਾ ਹੈ, ਜਿਸ ਵਿੱਚ ਪਾਣੀ ਬਚਾਉਣ ਵਾਲੀਆਂ ਫ਼ਸਲਾਂ ਲਈ ਲਾਹੇਵੰਦ ਭਾਅ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ ।

ਇਹ ਸਿਰਫ਼ ਇੱਕ ਵਿਆਪਕ ਖਾਕਾ ਹੈ ਜੋ ਇੱਕ ਵਿਵਹਾਰਕ ਸਮਝੌਤੇ ਦੀ ਸੰਭਾਵਨਾ ਵੱਲ ਇਸ਼ਾਰਾ ਕਰਦਾ ਹੈ । ਇਸ ਦੀਆਂ ਵਿਸ਼ੇਸ਼ਤਾਵਾਂ 'ਤੇ ਮਾਹਿਰਾਂ ਦੁਆਰਾ ਕੰਮ ਕੀਤਾ ਜਾਣਾ ਚਾਹੀਦਾ ਹੈ । ਸੁਪਰੀਮ ਕੋਰਟ ਪਹਿਲਾਂ ਹੀ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਨੂੰ ਗੱਲਬਾਤ ਰਾਹੀਂ ਸਮਝੌਤੇ 'ਤੇ ਅਪੜਨ ਲਈ ਇੱਕ ਮੌਕਾ ਦੇ ਚੁੱਕੀ ਹੈ । ਸ਼ਾਇਦ ਇਸ ਦਿਸ਼ਾ ਵਿੱਚ ਸ਼ੁਰੂਆਤ ਦੋਵਾਂ ਪਾਸਿਆਂ ਦੇ ਸੂਝ-ਬੂਝ ਵਾਲੇ ਲੋਕਾਂ, ਬੁੱਧੀਜੀਵੀਆਂ ਅਤੇ ਕਿਸਾਨਾਂ ਦੇ ਸ਼ੁਭਚਿੰਤਕਾਂ ਵੱਲੋਂ ਕੀਤੀ ਜਾ ਸਕਦੀ ਹੈ ਤਾਂ ਜੋ ਇਸ ਨੂੰ ਗੱਲਬਾਤ ਰਾਹੀਂ ਸਮਝੌਤੇ ਦਾ ਰੂਪ ਦੇਣ ਤੋਂ ਪਹਿਲਾਂ ਇੱਕ ਸਾਂਝੀ ਸਮਝ ਕਾਇਮ ਕੀਤੀ ਜਾ ਸਕੇ ।

**ਹਾੜੀ ਦੀਆਂ ਤੇਲ ਬੀਜ ਫ਼ਸਲਾਂ ਨੂੰ ਕਈ ਤਰ੍ਹਾਂ ਦੇ ਕੀੜੇ ਅਤੇ ਬਿਮਾਰੀਆਂ ਦੀ ਮਾਰ ਝੱਲਣੀ ਪੈਂਦੀ ਹੈ, ਜਿਸ ਕਾਰਨ ਫ਼ਸਲ ਦੀ ਉਪਜ ਅਤੇ ਗੁਣਵੱਤਾ (ਤੇਲ ਦੀ ਮਾਤਰਾ) ਬਹੁਤ ਹੀ ਪ੍ਰਭਾਵਤ ਹੁੰਦੀ ਹੈ ।**


# ਤੇਲ ਬੀਜ ਫ਼ਸਲਾਂ ਦੇ ਕੀੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ



ਡਾ. ਹਰਪਾਲ ਸਿੰਘ ਰੰਧਾਵਾ ਅਤੇ ਡਾ. ਸੁਨੀਲ ਕਸ਼ਅਪ,
ਰਿਜਨਲ ਸਟੇਸ਼ਨ, ਪੀ. ਏ. ਯੂ. ਗੁਰਦਾਸਪੁਰ (ਫੋਨ : 01874220825)

## ਮੁੱਖ ਕੀੜੇ

**ਚਿਤਕਬਰੀ ਭੂੰਡੀ** : ਇਸਦੇ ਕੀੜੇ ਦੇ ਬੱਚੇ ਅਤੇ ਪਤੰਗੇ, ਪੱਤਿਆਂ ਅਤੇ ਫ਼ਲੀਆਂ ਦਾ ਰਸ ਚੂਸਦੇ ਹਨ । ਜਿਸ ਕਰਕੇ ਫ਼ਲੀਆਂ ਛੋਟੀਆਂ ਰਹਿ ਜਾਂਦੀਆਂ ਹਨ ਅਤੇ ਝਾੜ ਘੱਟ ਜਾਂਦਾ ਹੈ । ਜਵਾਨ ਪਤੰਗੇ ਅਤੇ ਬੱਚੇ ਦੋਨੋਂ ਹੀ ਫ਼ਸਲ ਗਾਹੁਣ ਸਮੇਂ ਬਹੁ-ਗਿਣਤੀ ਵਿੱਚ ਫ਼ਸਲ ਵਿੱਚ ਫਿਰਦੇ ਦਿਖਾਈ ਦਿੰਦੇ ਹਨ । ਕੀੜੇ ਦੀ ਰੋਕਥਾਮ ਲਈ ਪਹਿਲਾ ਪਾਣੀ ਬਿਜਾਈ ਤੋਂ 3-4 ਹਫ਼ਤੇ ਪਿੱਛੋਂ ਲਾਉ ।



**ਸਲੇਟੀ ਸੁੰਡੀ/ਆਰਾ ਮੱਖੀ** : ਇਸ ਦੇ ਪੇਟ ਤੇ ਇੱਕ ਆਰੇ ਵਰਗਾ ਅੰਗ ਹੁੰਦਾ ਹੈ, ਜਿਸ ਕਰਕੇ ਆਰਾ ਮੱਖੀ ਆਖਿਆ ਜਾਂਦਾ ਹੈ ਅਤੇ ਸੁੰਡੀ ਸਲੇਟੀ ਰੰਗੀ ਹੁੰਦੀ ਹੈ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਸੁੰਡੀਆਂ ਸਾਰੇ ਪੱਤੇ ਖਾ ਕੇ ਫ਼ਸਲ ਦਾ ਨੁਕਸਾਨ ਕਰਦੀਆਂ ਹਨ । ਰੋਕਥਾਮ ਲਈ 250 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ ।

**ਰਾਇਆ ਦਾ ਚੇਪਾ** : ਹਰੇ ਰੰਗ ਦੇ ਕੀੜੇ ਪੱਤਿਆਂ, ਫੁੱਲਾਂ ਅਤੇ ਫ਼ਲੀਆਂ ਵਿੱਚੋਂ ਰਸ ਚੂਸ ਕੇ ਉਸ ਨੂੰ ਕਮਜ਼ੋਰ ਕਰ ਦਿੰਦੇ ਹਨ ਜਿਸ ਕਾਰਨ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਫ਼ਲੀਆਂ ਵਿੱਚ ਬੀਜ ਨਹੀਂ ਪੈਂਦੇ । ਫੁੱਲ ਦੇ ਪੈਣ ਸਮੇਂ ਇਹ ਕੀੜੇ ਬਹੁਤ ਤੇਜ਼ੀ ਨਾਲ, ਖ਼ਾਸ ਕਰਕੇ ਬੱਦਲਬਾਈ ਵਿੱਚ ਬਹੁਤ ਵੱਧਦੇ ਹਨ । ਕੀਟ-ਨਾਸ਼ਕਾਂ ਦੀ ਵਰਤੋਂ ਕੀੜਿਆਂ ਦੀ ਪੌਦਿਆਂ ਉਤੇ ਗਿਣਤੀ ਅਤੇ ਉਨ੍ਹਾਂ ਦੇ ਨੁਕਸਾਨ ਕਰਨ ਦੀ ਸਮਰੱਥਾ ਦੇ ਆਧਾਰ ਤੇ ਹੀ ਕਰੋ । ਅੰਦਾਜ਼ਾ ਇਸ ਤਰ੍ਹਾਂ ਲਗਾਉ : ਜਨਵਰੀ ਦੇ ਪਹਿਲੇ ਹਫ਼ਤੇ ਪ੍ਰਤੀ ਏਕੜ 12 ਤੋਂ 16 ਪੌਦੇ ਜੋ, ਇੱਕ ਦੂਜੇ ਤੋਂ ਦੂਰ-ਦੂਰ ਹੋਣ, ਹਫ਼ਤੇ ਵਿੱਚ ਦੋ ਵਾਰ ਨਿਰੀਖਣ ਕਰੋ । ਜੇਕਰ ਪੌਦੇ ਦੀ ਵਿਚਕਾਰਲੀ ਸ਼ਾਖ ਦੇ ਸਿਰੇ ਤੇ ਚੇਪੇ ਦੀ ਗਿਣਤੀ 50-60% 10 ਸੈਂ. ਮੀ. ਹਿੱਸੇ ਤੇ ਹੋਵੇ ਤਾਂ ਛਿੜਕਾਅ ਕਰੋ ਜਾਂ ਬੂਟੇ ਦੀ ਵਿਚਕਾਰਲੀ ਸ਼ਾਖ ਦਾ ਸਿਰਾ 0.5 ਤੋਂ 1.0 ਸੈਂ. ਮੀ. ਚੇਪੇ ਨਾਲ ਢੱਕਿਆ ਹੋਵੇ ਜਾਂ 40 ਤੋਂ 50% ਪੌਦਿਆਂ ਤੇ ਚੇਪਾ ਨਜ਼ਰ ਆਵੇ (ਪ੍ਰਤੀ ਏਕੜ 100 ਪੌਦਿਆਂ ਦੀ ਪਰਖ ਕਰੋ)। ਜਦੋਂ ਚੇਪੇ ਦੀ ਗਿਣਤੀ ਇਹਨਾਂ ਪੱਧਰਾਂ ਤੇ ਪਹੁੰਚ ਜਾਵੇ ਤਾਂ ਕੋਈ ਇੱਕ ਕੀਟਨਾਸ਼ਕ : ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ), ਮੈਟਾਸਿਸਟਾਕਸ 25 ਈ ਸੀ (ਔਕਸੀਡੈਮੀਟੋਨ ਮੀਥਾਈਲ), ਡਰਸਬਾਨ/ਕੋਰੋਬਾਨ 20 ਈ ਸੀ (ਕਲੋਰਪਾਈਰੀਫਾਸ) ਅਤੇ ਰੋਗਰ 30 ਈ ਸੀ (ਡਾਈਮੈਥੋਏਟ) ਦੀ ਮਾਤਰਾ 40 ਗ੍ਰਾਮ, 400, 600 ਅਤੇ 400 ਮਿਲੀਲਿਟਰ ਪ੍ਰਤੀ ਏਕੜ ਕ੍ਰਮਵਾਰ 80-125 ਲਿਟਰ ਪਾਣੀ (ਫ਼ਸਲ ਦੀ ਹਾਲਤ/ਵਾਧਾ ਮੁਤਾਬਕ) ਛਿੜਕਾਅ ਕਰੋ । ਜੇਕਰ ਕੀੜਿਆਂ ਦੀ ਗਿਣਤੀ ਦੁਬਾਰਾ ਉਸੇ ਪੱਧਰ ਤੱਕ ਪਹੁੰਚ ਜਾਵੇ ਤਾਂ ਦੁਬਾਰਾ ਛਿੜਕਾਅ ਕਰੋ ।

**ਪੱਤੇ ਦਾ ਸੁਰੰਗੀ ਕੀੜਾ** : ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਵਿੱਚੋਂ ਹਰਾ ਮਾਦਾ ਖਾਂਦੀਆਂ ਹਨ, ਜਿਸ ਕਾਰਨ ਪੱਤਿਆਂ ਤੇ ਚਿੱਟੇ ਰੰਗ ਦੀਆਂ ਵਿੰਗ-ਤਿੜਿੰਗੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਪੱਤੇ ਚੁਰੜ-ਮੁਰੜ ਹੋ ਜਾਂਦੇ ਹਨ। ਰੋਕਥਾਮ ਲਈ 400 ਮਿਲੀਲਿਟਰ ਰੋਗਰ 30 ਈ ਸੀ ਜਾਂ 13 ਕਿਲੋਗ੍ਰਾਮ ਫਿਊਰਾਡਾਨ 3 ਜੀ ਪ੍ਰਤੀ ਏਕੜ ਛੱਟਾ ਦੇ ਕੇ ਹਲਕੀ ਸਿੰਚਾਈ ਕਰੋ ।

**ਕੁਤੜਾ ਜਾਂ ਭੱਬੂ ਕੁੱਤਾ ਜਾਂ ਵਾਲਾਂ ਵਾਲੀ ਸੁੰਡੀ** : ਸੁੰਡੀਆਂ ਉੱਤੇ ਲੰਮੇ-ਲੰਮੇ ਸੰਘਣੇ ਵਾਲ ਹੁੰਦੇ ਹਨ, ਜਿਸ ਕਰਕੇ ਜੱਤਲ-ਸੁੰਡੀ ਨਾਂ ਨਾਲ ਪੁਕਾਰਿਆ ਜਾਂਦਾ ਹੈ । ਸ਼ੁਰੂ ਵਿੱਚ ਸੁੰਡੀਆਂ ਝੁੰਡਾਂ ਵਿੱਚ ਪੱਤਿਆਂ ਨੂੰ ਖਾਂਦੀਆਂ ਹਨ ਅਤੇ ਇੱਕੋ ਹੀ ਪੱਤੇ ਉੱਤੇ 100-150 ਸੁੰਡੀਆਂ ਤੱਕ ਹੁੰਦੀਆਂ ਹਨ । ਉਸ ਵੇਲੇ ਇਹਨਾਂ ਉੱਤੇ ਵਾਲ ਨਹੀਂ ਆਏ ਹੁੰਦੇ, ਰੰਗ ਪੀਲਾ ਅਤੇ ਸਿਰ ਕਾਲਾ ਹੁੰਦਾ ਹੈ ਅਤੇ ਸੁੰਡੀ ਦੀ ਮਾਰ ਹੇਠ ਆਇਆ ਪੱਤਾ ਛੱਨਣੀ-ਛੱਨਣੀ ਹੋ ਜਾਂਦਾ ਹੈ ਅਤੇ ਜਾਲੀ ਵਾਂਗ ਦਿੱਸਦਾ ਹੈ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਫ਼ਸਲ ਟੁੰਡ-ਮੁਰੰਡ (ਪਤਾ ਰਹਿਤ) ਹੋ ਜਾਂਦੀ ਹੈ । ਪੂਰੀਆਂ ਜਵਾਨ ਸੁੰਡੀਆਂ, ਨਾਲ ਦੇ ਖੇਤਾਂ ਤੇ ਵੀ ਹਮਲਾ ਕਰਦੀਆਂ ਹਨ । ਨੁਕਸਾਨ ਤੋਂ ਬਚਾਅ ਲਈ ਹਮਲੇ ਵਾਲੇ ਪੱਤਿਆਂ ਨੂੰ ਸੁੰਡੀਆਂ ਸਮੇਤ ਤੋੜ ਕੇ ਲਗਾਤਾਰ ਨਸ਼ਟ ਕਰਦੇ ਰਹੋ ।

## ਬਿਮਾਰੀਆਂ

**ਝੁਲਸ ਰੋਗ** : ਪੱਤਿਆਂ, ਫ਼ਲੀਆਂ ਅਤੇ ਤਣੇ ਤੇ ਭੂਰੇ ਤੋਂ ਕਾਲੇ ਰੰਗ ਦੇ ਗੋਲ ਧੱਬੇ ਪੈ ਜਾਂਦੇ ਹਨ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਤਣੇ ਦਾ ਉਪਰਲਾ ਹਿੱਸਾ ਤੇ ਫ਼ਲੀਆਂ ਝੜ ਜਾਂਦੀਆਂ ਹਨ । ਸਿੱਲ੍ਹੇ ਅਤੇ ਨਿੱਘੇ ਮੌਸਮ (15-20° ਸੈਂਟੀਗ੍ਰੇਡ ਤਾਪਮਾਨ ਅਤੇ 75% ਤੋਂ ਜ਼ਿਆਦਾ ਨਮੀ) ਵਿੱਚ ਬਿਮਾਰੀ ਬਹੁਤ ਜਲਦੀ ਫੈਲਦੀ ਹੈ ।

**ਪੀਲੇ ਧੱਬਿਆਂ ਦਾ ਰੋਗ** : ਬਿਮਾਰੀ ਦਾ ਜ਼ਿਆਦਾ ਹਮਲਾ ਪੱਤਿਆਂ ਅਤੇ ਫ਼ਲੀਆਂ ਤੇ ਹੁੰਦਾ ਹੈ । ਪੱਤਿਆਂ ਦੇ ਹੇਠਲੇ ਪਾਸੇ ਛੋਟੇ-ਛੋਟੇ ਹਲਕੇ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਵੱਡੇ ਹੋ ਜਾਂਦੇ ਹਨ ਅਤੇ ਗਿਣਤੀ ਵੀ ਵੱਧ ਜਾਂਦੀ ਹੈ । ਪੱਤੇ ਸੁੱਕ ਜਾਂਦੇ ਹਨ ਅਤੇ ਤਣੇ ਬੇ-ਸ਼ਕਲ ਹੋ ਜਾਂਦੇ ਹਨ ।



ਇਹਨਾਂ (ਦੋਨੋਂ) ਬਿਮਾਰੀਆਂ ਦੇ ਬਚਾਅ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਬਿਜਾਈ ਤੋਂ ਪਹਿਲਾਂ ਹੀ ਨਸ਼ਟ ਕਰ ਦਿਉ ।

**ਚਿੱਟੀ ਕੁੰਗੀ** : ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਜਾਂ ਬਦਾਮੀ ਰੰਗ ਦੇ ਦਾਣੇ ਜਿਹੇ ਬਣ ਜਾਂਦੇ ਹਨ । ਬਿਮਾਰੀ ਵਾਲੇ ਹਿੱਸੇ ਫੁੱਲ (ਮੋਟੇ) ਜਾਂਦੇ ਹਨ । ਫੁੱਲਾਂ ਦੀ ਸ਼ਕਲ ਵਿਗੜ ਜਾਂਦੀ ਹੈ ਅਤੇ ਫ਼ਲੀਆਂ ਵਿੱਚ ਬੀਜ ਨਹੀਂ ਪੈਂਦੇ । ਬਿਮਾਰੀ ਪੌਦੇ ਦੇ ਹਰ ਹਿੱਸੇ (ਜੜ੍ਹਾਂ ਨੂੰ ਛੱਡ ਕੇ) ਤੇ ਹਮਲਾ ਕਰਦੀ ਹੈ । ਬਿਮਾਰੀ ਦੇ ਬਚਾਅ ਲਈ ਵੀ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਨਸ਼ਟ ਕਰ ਦਿਉ । ਬਿਜਾਈ ਤੋਂ 2-2.5 ਮਹੀਨੇ ਬਾਅਦ 250 ਗ੍ਰਾਮ ਰਿਡੋਮਿਲ ਗੋਲਡ (ਮੈਟਾਲੈਕਸਿਲ 4%+ਮੈਂਕੋਜ਼ਿਬ 64%) ਨੂੰ 100 ਲਿਟਰ ਪਾਣੀ ਪ੍ਰਤੀ ਏਕੜ ਛਿੜਕਾਅ ਕਰੋ ਅਤੇ ਲੋੜ ਪੈਣ 'ਤੇ 20 ਦਿਨਾਂ ਬਾਅਦ ਇੱਕ ਛਿੜਕਾਅ ਹੋਰ ਕੀਤਾ ਜਾ ਸਕਦਾ ਹੈ ।

**ਤਣੇ ਦਾ ਗਾਲਾ** : ਬਿਮਾਰੀ ਦੀ ਸ਼ੁਰੂਆਤ ਤਣੇ ਉੱਪਰ ਗਾਲੇ ਨਾਲ ਹੁੰਦੀ ਹੈ ਅਤੇ ਬਾਅਦ ਵਿੱਚ ਚਿੱਟੇ ਰੰਗ ਦੀ ਉੱਲੀ ਜੰਮ ਜਾਂਦੀ ਹੈ । ਗਲੇ ਹੋਏ ਹਿੱਸੇ ਉੱਪਰ ਜਾਂ ਤਣੇ ਦੇ ਅੰਦਰ ਉੱਲੀ ਦੇ ਕਾਲੇ ਰੰਗ ਦੇ ਸਖ਼ਤ 'ਸਕਲੀਰਿਸ਼ੀਆ' (ਬਿਮਾਰੀ ਕਣ) ਬਣ ਜਾਂਦੇ ਹਨ । ਕਟਾਈ ਸਮੇਂ ਕਣ ਮਿੱਟੀ ਵਿੱਚ ਮਿਲ ਜਾਂਦੇ ਹਨ, ਜੋ ਲੰਬਾ ਸਮਾਂ ਜ਼ਿੰਦਾ ਰਹਿ ਸਕਦੇ ਹਨ ਅਤੇ ਅਗਲੀ ਫ਼ਸਲ ਨੂੰ ਫਿਰ ਬਿਮਾਰੀ ਦੀ ਲਾਗ ਲਾ ਸਕਦੇ ਹਨ । ਬਿਮਾਰੀ ਦੀ ਸ਼ੁਰੂਆਤ ਜਨਵਰੀ ਮਹੀਨੇ (ਬਹੁਤ ਠੰਡ ਅਤੇ ਜ਼ਮੀਨ ਵਿੱਚ ਜ਼ਿਆਦਾ ਸਲਾਬ/ਨਮੀ) ਹੁੰਦੀ ਹੈ । ਬਿਮਾਰ ਬੂਟੇ ਮੁਰਝਾ ਜਾਂਦੇ ਹਨ ਬਾਅਦ ਵਿੱਚ ਸੁੱਕ ਕੇ ਚਿੱਟੀ ਭਾਅ ਮਾਰਦੇ ਸਿੱਧੇ ਖੜੇ ਨਜ਼ਰ ਆਉਂਦੇ ਹਨ । ਭਾਰੀ ਫ਼ਸਲ ਦੇ ਬੂਟੇ, ਤਣਿਆਂ ਤੋਂ ਟੁੱਟ ਜਾਂਦੇ ਹਨ । ਬਿਮਾਰੀ ਤੋਂ ਬਚਾਅ ਲਈ ਫ਼ਸਲ ਨੂੰ 25 ਦਸੰਬਰ-15 ਜਨਵਰੀ ਤੱਕ ਪਾਣੀ ਨਾ ਲਗਾਓ ।

**ਨੋਟ**

★ ਕੀਟਨਾਸ਼ਕਾਂ ਦਾ ਛਿੜਕਾਅ ਦੁਪਹਿਰ ਤੋਂ ਬਾਅਦ ਕਰੋ, ਪਰ-ਪਰੱਗਣ ਵਾਲੇ ਕੀੜੇ/ਸ਼ਹਿਦ ਦੀਆਂ ਮੱਖੀਆਂ ਛਿੜਕਾਅ ਦੀ ਮਾਰ ਹੇਠ ਨਾ ਆ ਸਕਣ ।

★ ਸਾਗ ਵਾਲੀ ਫ਼ਸਲ ਉੱਪਰ ਥਾਇਆਮੈਥੋਕਸਮ 25 ਤਾਕਤ ਲਈ 7 ਦਿਨ, ਕਲੋਰਪਾਈਰੀਫਾਸ 20 ਤਾਕਤ ਅਤੇ ਡਾਈਮੈਥੋਏਟ 30 ਤਾਕਤ ਲਈ 20 ਦਿਨ ਅਤੇ ਕੁਇਨਲਫਾਸ 25 ਤਾਕਤ ਲਈ 30 ਦਿਨ ਦਾ ਵਕਫ਼ਾ ਛਿੜਕਾਅ ਤੇ ਕਟਾਈ ਵਿਚਕਾਰ ਰੱਖੋ ।

# ਬੈੱਡ ਬਣਾ ਕੇ ਕਣਕ ਅਤੇ ਮਟਰਾਂ ਦੀ ਰਲਵੀਂ ਖੇਤੀ ਦਾ ਮਾਹਰ - ਸ. ਹਰਜਿੰਦਰ ਸਿੰਘ

ਸ. ਹਰਜਿੰਦਰ ਸਿੰਘ ਉਮਰ 48 ਸਾਲ, ਪਿੰਡ ਭੱਟੀਵਾਲ ਕਲਾਂ, ਜ਼ਿਲ੍ਹਾ ਸੰਗਰੂਰ ਦਾ ਅਗਾਂਹਵਧੂ ਕਿਸਾਨ ਹੈ । ਉਸਨੇ ਪਿੰਡ ਦੇ ਸਕੂਲ ਤੋਂ ਹੀ ਅੱਠਵੀਂ ਪਾਸ ਕਰਕੇ ਸਾਲ 1995 ਤੋਂ ਕਣਕ-ਝੋਨੇ ਦੀ ਰਵਾਇਤੀ ਖੇਤੀ ਵੱਲ ਕਿਸਾਨੀ ਸ਼ੁਰੂ ਕੀਤੀ । ਨੇੜਲੇ ਪਿੰਡਾਂ ਵਿੱਚ ਆਲੂਆਂ ਦੀ ਖੇਤੀ ਨੂੰ ਦੇਖਦੇ ਹੋਏ ਸਾਲ 2014 ਤੋਂ ਹਰਜਿੰਦਰ ਸਿੰਘ ਨੇ ਵੀ ਆਪਣੇ ਕੁੱਲ 25 ਕਿੱਲਿਆਂ ਵਿੱਚੋਂ 15 ਕਿੱਲੇ ਵਿੱਚ ਆਲੂ ਅਤੇ ਮਟਰ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਬਾਕੀ ਰਹਿੰਦੇ 10 ਕਿੱਲਿਆਂ ਵਿੱਚ ਕਣਕ ਲਗਾ ਦਿੱਤੀ । ਪਾਣੀ ਦੀ ਬੱਚਤ ਨੂੰ ਮੁੱਖ ਰੱਖਦੇ ਹੋਏ ਅਤੇ ਬਿਜਾਈ ਸਮੇਂ ਘੱਟ ਬੀਜ ਦੀ ਮਾਤਰਾ ਵਰਤ ਕੇ ਕਣਕ ਦੀ ਬੈੱਡਾਂ ਤੇ ਬਿਜਾਈ ਕਰਨ ਬਾਰੇ ਹਰਜਿੰਦਰ ਸਿੰਘ ਨੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਨੇੜਲੇ ਖੇਤੀਬਾੜੀ ਮਾਹਰਾਂ ਤੋਂ ਜਾਣਕਾਰੀ ਹਾਸਿਲ ਕੀਤੀ ।

**ਕਣਕ ਦੀ ਬੈੱਡਾਂ ਤੇ ਬਿਜਾਈ** : ਸਾਲ 2023 ਵਿੱਚ ਨੇੜਲੇ ਕਿਸਾਨਾਂ ਤੋਂ ਉਪਲੱਬਧ ਵਧੀਆ ਕਣਕ ਦੇ ਬੀਜ ਦੀ ਬਹੁਤ ਥੋੜ੍ਹੀ ਮਾਤਰਾ ਹੋਣ ਕਰਕੇ ਹਰਜਿੰਦਰ ਸਿੰਘ ਨੇ ਇਸ ਨੂੰ ਬੈੱਡਾਂ ਤੇ ਬੀਜਣ ਬਾਰੇ ਸੋਚਿਆ । ਬੈੱਡਾਂ ਤੇ ਬਿਜਾਈ ਕੇਵਲ 1 ਬਿਘੇ ਤੇ ਕੀਤੀ ਗਈ । ਕਣਕ ਦੀ ਬਿਜਾਈ ਪਿਛੇਤੀ ਹੋਣ ਕਰਕੇ ਕੇਵਲ 150 ਗ੍ਰਾਮ ਬੀਜ ਤੋਂ 32 ਕਿੱਲੋ ਬੀਜ ਤਿਆਰ ਕਰ ਲਿਆ ਗਿਆ । ਕਿਸਾਨ ਮੁਤਾਬਕ ਇਸ ਵਿਧੀ ਰਾਹੀਂ ਪਾਣੀ ਦੀ ਬੱਚਤ ਵੀ ਹੋ ਗਈ ਅਤੇ ਕੇਵਲ 60 ਮਿੰਟਾਂ ਵਿੱਚ ਕਿੱਲਾ ਵੀ ਭਰ ਜਾਂਦਾ ਹੈ ।

**ਕਣਕ ਅਤੇ ਮਟਰਾਂ ਦੀ ਬੈੱਡਾਂ ਤੇ ਰਲਵੀਂ ਖੇਤੀ** : ਢਾਈ ਫੁੱਟ ਚੌੜੇ ਕਣਕ ਦੇ ਬੈੱਡਾਂ ਵਿਚਕਾਰ ਖਾਲੀ ਥਾਂ ਦੀ ਢੁੱਕਵੀਂ ਵਰਤੋਂ ਨੂੰ ਸੋਚਦੇ ਹੋਏ ਸਾਲ 2024 ਵਿੱਚ ਕਣਕ ਅਤੇ ਮਟਰਾਂ ਦੀ ਰਲਵੀਂ ਖੇਤੀ ਸ਼ੁਰੂ ਕੀਤੀ । ਸ਼ੁਰੂਆਤ ਵੇਲੇ ਕੇਵਲ ਇੱਕ ਬਿੱਘੇ ਤੇ ਹੀ ਤਜ਼ਰਬਾ ਕੀਤਾ, ਜਿਸ ਵਿੱਚੋਂ ਮਟਰਾਂ ਤੇ ਕਣਕ ਦਾ ਕੇਵਲ 700 ਗ੍ਰਾਮ ਬੀਜ ਹੀ ਵਰਤਿਆ । ਇੰਨੇ ਰਕਬੇ ਵਿੱਚੋਂ ਕਣਕ ਦਾ ਝਾੜ 7 ਕੁਇੰਟਲ ਤੇ ਮਟਰਾਂ ਦਾ 6 ਕੁਇੰਟਲ (ਪੰਜਾਬ 89) ਝਾੜ ਪ੍ਰਾਪਤ ਕਰ ਲਿਆ । ਇੰਨਾਂ ਫ਼ਸਲਾਂ ਦੀ ਇਕੱਠੀ ਖੇਤੀ ਇੰਨੀ ਕਾਮਯਾਬ ਹੋਈ ਕਿ ਹਰਜਿੰਦਰ ਸਿੰਘ ਨੇ ਸਾਲ 2025 ਵਿੱਚ ਵੀ ਕਣਕ ਅਤੇ ਮਟਰ ਦੀ ਰਲਵੀਂ ਖੇਤੀ ਨੂੰ ਵਧਾ ਕੇ ਇੱਕ ਕਿੱਲੇ ਤੇ ਲੈ ਗਿਆ । ਇਸ ਸਾਲ ਕੇਵਲ 3 ਕਿੱਲੋ ਕਣਕ ਦੇ ਲੋਕਲ ਤਿਆਰ ਬੀਜ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਮਟਰਾਂ ਦੀ ਪੰਜਾਬ 89 ਕਿਸਮ ਦੇ ਵੀ 3 ਕਿੱਲੋ ਬੀਜ ਨਾਲ ਢਾਈ ਫੁੱਟ ਵਾਲੇ ਬੈੱਡਾਂ ਤੇ ਬਿਜਾਈ ਕੀਤੀ । ਇੱਕ ਬੈੱਡ ਤੇ 2 ਕਤਾਰਾਂ ਕਣਕ ਦੀਆਂ ਅਤੇ ਵਿਚਕਾਰ 1 ਕਤਾਰ ਮਟਰਾਂ ਦੀ ਲਗਾਈ ਗਈ ਹੈ । ਕਿਸਾਨ ਵੀਰ ਇਸ ਖੇਤੀ ਤੋਂ ਬਹੁਤ ਖੁਸ਼ ਹਨ ਅਤੇ ਚੰਗੇ ਝਾੜ ਦੀ ਉਮੀਦ ਰੱਖਦੇ ਹਨ । ਇਸ ਵਿਧੀ ਨਾਲ ਘੱਟ ਪਾਣੀ, ਘੱਟ ਖਾਦਾਂ ਅਤੇ ਘੱਟ ਖੇਤੀ ਖਰਚਿਆਂ ਤੋਂ ਵੱਧ ਆਮਦਨ ਲਈ ਜਾ ਸਕਦੀ ਹੈ ।

**ਅਸ਼ੋਕ ਕੁਮਾਰ ਗਰਗ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ**
**ਮੋਬਾਇਲ : 95018-55223**

**ਈਰਾਨ ਟੈਂਸ਼ਨ ਦਾ ਭਾਰਤ 'ਤੇ ਅਸਰ**

# 1 ਹਫਤੇ ਵਿੱਚ 5 ਤੋਂ 10 ਰੁਪਏ ਪ੍ਰਤੀ ਕਿਲੋ ਸਸਤੇ ਹੋਏ ਬਾਸਮਤੀ ਚੌਲ

ਈਰਾਨ ਅਤੇ ਇਜ਼ਰਾਈਲ ਦੋਵਾਂ ਹੀ ਦੇਸ਼ਾਂ ਦੇ ਵਿਚਾਲੇ ਟੈਂਸ਼ਨ ਵੱਧ ਰਹੀ ਹੈ, ਸਥਿਤੀ ਜੇਕਰ ਅਜਿਹੀ ਹੀ ਬਣੀ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਕਈ ਚੀਜ਼ਾਂ ਮਹਿੰਗੀਆਂ ਹੋ ਸਕਦੀਆਂ ਹਨ। ਇੱਕ ਪਾਸੇ ਜਿੱਥੇ ਕਈ ਚੀਜ਼ਾਂ ਮਹਿੰਗੀਆਂ ਹੋ ਸਕਦੀਆਂ ਹਨ, ਉੱਥੇ ਹੀ ਭਾਰਤ ਵਿੱਚ ਬਾਸਮਤੀ ਚੌਲਾਂ ਦੀਆਂ ਕੀਮਤਾਂ ਘੱਟ ਹੋ ਸਕਦੀਆਂ ਹਨ, ਜਿਸ ਨਾਲ ਬਾਸਮਤੀ ਚੌਲ ਸਸਤੇ ਹੋ ਸਕਦੇ ਹਨ।

ਇੰਡੀਅਨ ਰਾਈਸ ਐਕਸਪੋਰਟਰਜ਼ ਫੈਡਰੇਸ਼ਨ (ਆਈ. ਆਰ. ਈ. ਐਫ.) ਨੇ ਦੱਸਿਆ ਕਿ ਈਰਾਨ ਵਿੱਚ ਵੱਡੇ ਪੱਧਰ 'ਤੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦਾ ਭਾਰਤ ਦੀ ਬਾਸਮਤੀ ਚੌਲਾਂ ਦੀ ਬਰਾਮਦ 'ਤੇ ਭਾਰੀ ਅਸਰ ਪੈ ਰਿਹਾ ਹੈ, ਜਿਸ ਨਾਲ ਘਰੇਲੂ ਕੀਮਤਾਂ ਵਿੱਚ ਭਾਰੀ ਗਿਰਾਵਟ ਆਈ ਹੈ।

ਆਈ. ਆਰ. ਈ. ਐਫ. ਨੇ ਕਿਹਾ ਕਿ ਇਸ ਵਧਦੇ ਸੰਕਟ ਨੇ ਪੇਮੈਂਟ ਸਾਈਕਲ ਵਿੱਚ ਰੁਕਾਵਟ ਪਾਈ ਹੈ, ਸ਼ਿਪਮੈਂਟ ਵਿੱਚ ਦੇਰੀ ਹੋਈ ਹੈ ਅਤੇ ਖਰੀਦਦਾਰ ਦਾ ਭਰੋਸਾ ਘੱਟ ਹੋਇਆ ਹੈ, ਜਿਸ ਦਾ ਅਸਰ ਹੁਣ ਭਾਰਤੀ ਚੌਲ ਮੰਡੀਆਂ ਵਿੱਚ ਸਾਫ ਦਿਸ ਰਿਹਾ ਹੈ। ਮਾਰਕੀਟ ਭਾਈਵਾਲਾਂ ਦਾ ਕਹਿਣਾ ਹੈ ਕਿ ਪਿਛਲੇ ਇੱਕ ਹਫਤੇ ਵਿੱਚ ਈਰਾਨ ਟੈਂਸ਼ਨ ਕਾਰਨ ਬਾਸਮਤੀ ਚੌਲਾਂ ਦੀਆਂ ਕੀਮਤਾਂ ਵਿੱਚ 5 ਤੋਂ 10 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਗਿਰਾਵਟ ਆਈ ਹੈ।

### ਭਾਰਤ ਨੇ ਈਰਾਨ ਨੂੰ ਭੇਜੇ 4225 ਕਰੋੜ ਦੇ ਚੌਲ

ਆਈ. ਆਰ. ਈ. ਐਫ. ਵੱਲੋਂ ਜਾਰੀ ਬਰਾਮਦ ਡਾਟਾ ਅਨੁਸਾਰ ਭਾਰਤ ਨੇ ਮੌਜੂਦਾ ਵਿੱਤੀ ਸਾਲ 2025-26 ਵਿੱਚ ਅਪ੍ਰੈਲ-ਨਵੰਬਰ ਦੌਰਾਨ ਈਰਾਨ ਨੂੰ 468.10 ਮਿਲੀਅਨ ਡਾਲਰ (ਲਗਭਗ 4,225 ਕਰੋੜ ਰੁਪਏ) ਦੇ ਬਾਸਮਤੀ ਚੌਲ ਬਰਾਮਦ ਕੀਤੇ, ਜੋ ਲਗਭਗ 5.99 ਲੱਖ ਮੀਟ੍ਰਿਕ ਟਨ ਹੈ। ਆਈ. ਆਰ. ਈ. ਐਫ. ਨੇ ਕਿਹਾ ਕਿ ਈਰਾਨ ਰਵਾਇਤੀ ਤੌਰ 'ਤੇ ਭਾਰਤੀ ਬਾਸਮਤੀ ਦੇ ਸਭ ਤੋਂ ਵੱਡੇ ਟਿਕਾਣਿਆਂ ਵਿੱਚੋਂ ਇੱਕ ਰਿਹਾ ਹੈ, ਪਰ ਮੌਜੂਦਾ ਅਸਥਿਰਤਾ ਕਾਰਨ ਇਸ ਸਾਲ ਵਪਾਰ ਦੇ ਪ੍ਰਵਾਹ ਵਿੱਚ ਕਾਫ਼ੀ ਬੇਯਕੀਨੀ ਆਈ ਹੈ। ਆਈ. ਆਰ. ਈ. ਐਫ. ਦੇ ਨੈਸ਼ਨਲ ਪ੍ਰੈਜ਼ੀਡੈਂਟ ਡਾ. ਪ੍ਰੇਮ ਗਰਗ ਨੇ ਕਿਹਾ ਕਿ ਈਰਾਨ ਪਹਿਲਾਂ ਹੀ ਭਾਰਤੀ ਬਾਸਮਤੀ ਲਈ ਇੱਕ ਅਹਿਮ ਮਾਰਕੀਟ ਰਿਹਾ ਹੈ। ਹਾਲਾਂਕਿ ਮੌਜੂਦਾ ਉਥਲ-ਪੁਥਲ ਨੇ ਵਪਾਰਕ ਚੈਨਲ ਵਿੱਚ ਰੁਕਾਵਟ ਪਾਈ ਹੈ, ਪੇਮੈਂਟ ਸੁਸਤ ਕਰ ਦਿੱਤੀ ਹੈ ਅਤੇ ਖਰੀਦਦਾਰਾਂ ਦਾ ਭਰੋਸਾ ਘਟਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਦਾ ਸਿੱਧਾ ਅਸਰ ਭਾਰਤੀ ਮੰਡੀਆਂ ਵਿੱਚ ਦਿਸ ਰਿਹਾ ਹੈ, ਜਿੱਥੇ ਕੁਝ ਹੀ ਦਿਨਾਂ ਵਿੱਚ ਬਾਸਮਤੀ ਦੀਆਂ ਕੀਮਤਾਂ ਤੇਜ਼ੀ ਨਾਲ ਘੱਟ ਹੋ ਗਈਆਂ ਹਨ। ਬਰਾਮਦਕਾਰਾਂ ਨੂੰ ਬਹੁਤ ਜ਼ਿਆਦਾ ਸਾਵਧਾਨੀ ਵਰਤਣੀ ਚਾਹੀਦੀ ਹੈ, ਖਾਸ ਕਰਕੇ ਕ੍ਰੈਡਿਟ ਐਕਸਪੋਜ਼ਰ ਅਤੇ ਸ਼ਿਪਮੈਂਟ ਟਾਈਮਲਾਈਨ ਨੂੰ ਲੈ ਕੇ।



### ਬਰਾਮਦਕਾਰਾਂ ਲਈ ਐਡਵਾਈਜ਼ਰੀ ਜਾਰੀ

ਬਦਲਦੇ ਹਾਲਾਤ ਨੂੰ ਦੇਖਦੇ ਹੋਏ ਆਈ. ਆਰ. ਈ. ਐਫ. ਨੇ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਬਰਾਮਦਕਾਰਾਂ ਨੂੰ ਈਰਾਨੀ ਕਾਂਟਰੈਕਟਸ ਨਾਲ ਜੁੜੇ ਜੋਖਿਮ ਨੂੰ ਫਿਰ ਦੇਖਣ, ਜ਼ਿਆਦਾ ਸੁਰੱਖਿਅਤ ਪੇਮੈਂਟ ਸਿਸਟਮ ਅਪਣਾਉਣ ਅਤੇ ਸਿਰਫ ਈਰਾਨੀ ਮਾਰਕੀਟ ਲਈ ਬਣੀ ਇਨਵੈਂਟਰੀ ਦੀ ਜ਼ਿਆਦਾ ਵਰਤੋਂ ਕਰਨ ਤੋਂ ਬਚਣ ਦੀ ਅਪੀਲ ਕੀਤੀ ਹੈ।

ਫੈਡਰੇਸ਼ਨ ਨੇ ਬਰਾਮਦਕਾਰਾਂ ਅਤੇ ਕਿਸਾਨਾਂ, ਦੋਵਾਂ ਨੂੰ ਅਚਾਨਕ ਆਉਣ ਵਾਲੇ ਝਟਕਿਆਂ ਤੋਂ ਬਚਾਉਣ ਲਈ ਸੋਚ-ਸਮਝ ਕੇ ਅਤੇ ਸਾਵਧਾਨੀ ਨਾਲ ਕੰਮ ਲੈਣ ਦੀ ਵੀ ਸਲਾਹ ਦਿੱਤੀ ਹੈ।

### ਅਮਰੀਕਾ ਲਾ ਰਿਹਾ ਭਾਰਤੀ ਚੌਲਾਂ 'ਤੇ ਇੰਨਾ ਟੈਰਿਫ

ਈਰਾਨ ਸੰਕਟ ਦੇ ਨਾਲ-ਨਾਲ ਆਈ. ਆਰ. ਈ. ਐਫ. ਨੇ ਅਮਰੀਕਾ ਦੇ ਰਾਸ਼ਟਰਪਤੀ ਦੇ ਹਾਲ ਹੀ ਵਿੱਚ ਸਾਹਮਣੇ ਆਏ ਬਿਆਨ 'ਤੇ ਵੀ ਧਿਆਨ ਦਿੱਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਈਰਾਨ ਦੇ ਨਾਲ ਵਪਾਰ ਜਾਰੀ ਰੱਖਣ ਵਾਲੇ ਦੇਸ਼ਾਂ 'ਤੇ 25 ਫੀਸਦੀ ਟੈਰਿਫ ਲੱਗ ਸਕਦਾ ਹੈ।

ਫੈਡਰੇਸ਼ਨ ਨੇ ਸਾਫ ਕੀਤਾ ਕਿ ਯੂ. ਐਸ. ਪਹਿਲਾਂ ਹੀ ਭਾਰਤੀ ਚੌਲਾਂ ਦੀ ਬਰਾਮਦ 'ਤੇ 50 ਫੀਸਦੀ ਦਾ ਭਾਰੀ ਟੈਰਿਫ ਲਾ ਰਿਹਾ ਹੈ, ਜੋ ਪਹਿਲਾਂ ਦੀ 10 ਫੀਸਦੀ ਡਿਊਟੀ ਤੋਂ ਕਾਫ਼ੀ ਵੱਧ ਹੈ।

---

**'ਸੁਪਰ ਸੀਡਜ਼' ਨਾਲ ਬਦਲੇਗੀ ਖੇਤੀ ਦੀ ਤਸਵੀਰ**

# 25 ਫ਼ਸਲਾਂ ਦੀਆਂ 184 ਉੱਨਤ ਕਿਸਮਾਂ ਜਾਰੀ

ਵਾਤਾਵਰਣ ਤਬਦੀਲੀ ਦੀ ਚੁਣੌਤੀ ਵਿੱਚੋਂ ਨਿਕਲ ਖੇਤੀ ਨੂੰ ਉਤਪਾਦਕਤਾ ਅਤੇ ਲਾਭ ਦੇ ਨਵੇਂ ਦੌਰ ਵਿੱਚ ਲਿਜਾਉਣ ਦੀ ਦਿਸ਼ਾ ਵਿੱਚ ਵੱਡੀ ਪਹਿਲ ਕੀਤੀ ਗਈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ 25 ਫ਼ਸਲਾਂ ਦੀਆਂ 184 ਉੱਨਤ ਕਿਸਮਾਂ ਜਾਰੀ ਕੀਤੀਆਂ ਹਨ, ਜੋ ਰਵਾਇਤੀ ਤਰੀਕੇ ਨਾਲ ਖੇਤੀ ਨੂੰ ਵੱਖਰਾ ਕਰਕੇ ਨਵੇਂ ਵਿਚਾਰ ਦੇ ਸਹਾਰੇ ਨਵੀਂ ਦਿਸ਼ਾ ਦੇ ਸਕਦੀਆਂ ਹਨ। ਇਹ ਕਿਸਮਾਂ ਵੱਧ ਪੈਦਾਵਾਰ ਦੇਣ ਦੇ ਨਾਲ ਹੀ ਘੱਟ ਪਾਣੀ, ਘੱਟ ਖਾਦਾਂ ਅਤੇ ਪ੍ਰਤੀਕੂਲ ਮੌਸਮ ਵਿੱਚ ਵੀ ਬਿਹਤਰ ਪ੍ਰਦਰਸ਼ਨ ਕਰਨ ਵਿੱਚ ਸਮਰੱਥ ਹਨ। ਇਹ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ ਹੀ ਖੁਰਾਕੀ ਸੁਰੱਖਿਆ ਲਈ ਫੈਸਲਾਕੁੰਨ ਸਾਬਿਤ ਹੋ ਸਕਦੀਆਂ ਹਨ।

**ਫ਼ਸਲਾਂ ਦੀਆਂ ਕੁੱਲ ਕਿੰਨੀਆਂ ਕਿਸਮਾਂ**

ਝੋਨੇ ਅਤੇ ਮੱਕੀ ਦੀਆਂ ਕੁੱਲ 122 ਕਿਸਮਾਂ, ਦਾਲਾਂ ਦੀਆਂ ਛੇ, ਤਿਲਹਨ ਦੀਆਂ 13, ਚਾਰਾ ਫ਼ਸਲਾਂ ਦੀਆਂ 11, ਕਪਾਹ ਦੀਆਂ 24, ਗੰਨੇ ਦੀਆਂ 6 ਅਤੇ ਜੂਟ-ਤੰਬਾਕੂ ਦੀ ਇੱਕ-ਇੱਕ ਕਿਸਮ ਜਾਰੀ ਕੀਤੀ ਗਈ।



**ਨਵੀਆਂ ਕਿਸਮਾਂ ਨਾਲ ਇਹ ਹੋਵੇਗਾ ਲਾਭ**

- ★ ਇਨ੍ਹਾਂ ਵਿੱਚ ਬੀਜ, ਪਾਣੀ ਅਤੇ ਕੀਟਨਾਸ਼ਕਾਂ ਦੀ ਲੋੜ ਘੱਟ ਹੋਵੇਗੀ।
- ★ ਬਿਮਾਰੀਆਂ - ਕੀਟ ਰੋਕੂ ਕਿਸਮਾਂ ਨਾਲ ਸਿੰਚਾਈ ਅਤੇ ਦਵਾਈਆਂ ਦਾ ਖਰਚ ਘਟੇਗਾ।
- ★ ਬਿਹਤਰ ਗੁਣਵੱਤਾ ਦੀ ਪੈਦਾਵਾਰ ਨਾਲ ਕਿਸਾਨਾਂ ਨੂੰ ਵੱਧ ਕੀਮਤ ਮਿਲ ਸਕੇਗੀ।

ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ. ਸੀ. ਏ. ਆਰ.), ਸੂਬਾ ਅਤੇ ਖੇਤੀਬਾੜੀ ਯੂਨੀਵਰਸਿਟੀਆਂ ਤੇ ਨਿੱਜੀ ਬੀਜ ਕੰਪਨੀਆਂ ਦੀ ਸਾਂਝੀ ਕੋਸ਼ਿਸ਼ ਨਾਲ ਵਿਕਸਿਤ ਇਹ ਕਿਸਮਾਂ ਬਦਲਦੇ ਮੌਸਮ, ਸੋਕੇ-ਹੜ੍ਹ ਤੇ ਰੋਗ-ਕੀਟਾਂ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਸਮਰੱਥ ਹਨ। ਇਨ੍ਹਾਂ ਦਾ ਮੰਤਵ ਸਿਰਫ ਉਤਪਾਦਕਤਾ ਵਧਾਉਣਾ ਨਹੀਂ, ਬਲਕਿ ਖੇਤੀ ਦੀ ਲਾਗਤ ਘੱਟ ਕਰਕੇ ਕਿਸਾਨਾਂ ਦੀ ਅਸਲ ਆਮਦਨ ਵਿੱਚ ਵਾਧਾ ਕਰਨਾ ਵੀ ਹੈ। ਸ਼ਿਵਰਾਜ ਨੇ ਕਿਹਾ ਕਿ ਸਾਲ 1969 ਤੋਂ ਆਈ. ਸੀ. ਏ. ਆਰ. ਦੀਆਂ ਕੁੱਲ 7205 ਫ਼ਸਲ ਦੀਆਂ ਕਿਸਮਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ।

ਖ਼ਾਸ ਗੱਲ ਇਹ ਹੈ ਕਿ ਬੀਤੇ 11-12 ਸਾਲਾਂ ਵਿੱਚ ਹੀ 3236 ਨਵੀਆਂ ਉੱਚ ਉਤਪਾਦਕ ਕਿਸਮਾਂ ਵਿਕਸਿਤ ਹੋਈਆਂ ਹਨ, ਜੋ ਇਸ ਗੱਲ ਦਾ ਸੰਕੇਤ ਹੈ ਕਿ ਦੇਸ਼ ਵਿੱਚ ਖੇਤੀਬਾੜੀ ਖੋਜ ਦੀ ਰਫ਼ਤਾਰ ਕਈ ਗੁਣਾ ਵਧੀ ਹੈ। ਹੁਣ ਜਾਰੀ ਕੀਤੀਆਂ ਗਈਆਂ 184 ਕਿਸਮਾਂ ਇਸੇ ਸੋਧ ਰਵਾਇਤ ਦਾ ਵਿਸਥਾਰ ਹਨ, ਜੋ ਕਿਸਾਨਾਂ ਨੂੰ ਵੱਧ ਪੈਦਾਵਾਰ, ਬਿਹਤਰ ਗੁਣਵੱਤਾ ਅਤੇ ਵਾਤਾਵਰਣ ਸਹਿਣਸ਼ੀਲਤਾ ਦਾ ਭਰੋਸਾ ਦਿੰਦੀਆਂ ਹਨ।

ਨਵੀਆਂ ਕਿਸਮਾਂ ਵਿੱਚ ਸਰ੍ਹੋਂ, ਕੁਸੁਮ, ਤਿਲ, ਮੂੰਗਫਲੀ, ਗੋਭੀ ਅਤੇ ਅਰੰਡੀ ਦੀਆਂ 13 ਨਵੀਆਂ ਕਿਸਮਾਂ ਤਿਆਰ ਕੀਤੀਆਂ ਗਈਆਂ ਹਨ। ਜ਼ਿਆਦਾਤਰ ਕਿਸਮਾਂ ਅਜਿਹੀਆਂ ਹਨ, ਜੋ ਘੱਟ ਮਿਆਦ ਵਿੱਚ ਵੱਧ ਦਾਣੇ ਦਾ ਭਰਾਅ ਤੇ ਬਿਹਤਰ ਤੇਲ ਫੀਸਦ ਦੇਣ ਵਿੱਚ ਸਮਰੱਥ ਹਨ।

ਰਵਾਇਤੀ ਸਰ੍ਹੋਂ ਔਸਤਨ 18-20 ਕੁਇੰਟਲ ਪ੍ਰਤੀ ਹੈਕਟੇਅਰ ਪੈਦਾਵਾਰ ਦਿੰਦੀ ਹੈ, ਉੱਥੇ ਹੀ ਨਵੀਂ ਕਿਸਮ ਦੀ ਰੋਵਰਧਨ ਸਰ੍ਹੋਂ ਨਾਲ 22-24 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਉਤਪਾਦਨ ਸੰਭਵ ਹੈ। ਇਸੇ ਤਰ੍ਹਾਂ ਮੂੰਗਫਲੀ ਦੀ ਨਵੀਂ ਉੱਨਤ ਕਿਸਮ ਗਿਰਨਾਰ ਦੀ ਪੈਦਾਵਾਰ ਆਮ ਮੂੰਗਫਲੀ ਦੇ ਮੁਕਾਬਲੇ 30-40 ਫੀਸਦੀ ਵੱਧ ਹੋ ਸਕਦੀ ਹੈ। ਤੇਲ ਦੀ ਮਾਤਰਾ ਵੀ 50 ਫੀਸਦੀ ਤੱਕ ਪਾਈ ਜਾਂਦੀ ਹੈ। ਇਸ ਨੂੰ ਅਪਣਾਉਣ ਨਾਲ ਤਿਲਹਨ ਮਿਸ਼ਨ ਦੇ ਟੀਚਿਆਂ ਨੂੰ ਮਜ਼ਬੂਤੀ ਮਿਲੇਗੀ। ਇਸ ਨੂੰ ਬਿਮਾਰੀਆਂ ਨੂੰ ਸਹਿਣ ਕਰਨ ਵਾਲੀ ਅਤੇ ਵੱਖ-ਵੱਖ ਖੇਤਰਾਂ ਲਈ ਉਪਯੋਗੀ ਮੰਨਿਆ ਗਿਆ ਹੈ। ਇਹ ਨਾ ਸਿਰਫ ਕਿਸਾਨਾਂ ਦੀ ਭਲਾਈ ਵਿੱਚ ਹੋਵੇਗਾ, ਬਲਕਿ ਵਿਦੇਸ਼ੀ ਮੁਦਰਾ ਭੰਡਾਰ ਵੀ ਵਧਾਏਗਾ। ਜ਼ਿਕਰਯੋਗ ਹੈ ਕਿ ਭਾਰਤ ਵਰਗੇ ਖੇਤੀ ਆਧਾਰਿਤ ਦੇਸ਼ ਦਾ ਅਰਥਚਾਰਾ ਵੀ ਖੇਤੀਬਾੜੀ ਦੀ ਤਰੱਕੀ 'ਤੇ ਨਿਰਭਰ ਕਰਦਾ ਹੈ। ਇਸ ਦੀ ਤਰੱਕੀ ਲਈ ਬੀਜਾਂ ਸਮੇਤ ਹੋਰਨਾਂ ਤਕਨੀਕਾਂ 'ਤੇ ਖੋਜ ਦਾ ਕੰਮ ਲਗਾਤਾਰ ਜਾਰੀ ਰੱਖਣ ਨੂੰ ਸਰਕਾਰ ਤਰਜੀਹ ਦੇ ਰਹੀ ਹੈ, ਜਿਸ ਕਾਰਨ ਹੀ ਇਹ 184 ਉੱਨਤ ਕਿਸਮਾਂ ਦੇ ਬੀਜ ਵਿਕਸਿਤ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਤਰੱਕੀ ਲਈ ਉਨ੍ਹਾਂ ਤੱਕ ਜਲਦ ਤੋਂ ਜਲਦ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

---

**ਪੰਜਾਬੀ ਯੂਨੀਵਰਸਿਟੀ ਦੀ ਖੋਜ ਰਾਹੀਂ ਉੱਤਰ ਭਾਰਤੀ ਪੇਂਡੂ ਸਮਾਜ ਵਿੱਚ ਆਈਆਂ ਤਬਦੀਲੀਆਂ ਬਾਰੇ ਅਧਿਐਨ**


# ਛੋਟੀ ਕਿਸਾਨੀ ਲਈ ਖੇਤੀ ਸੰਕਟ ਅਜੇ ਵੀ ਜਾਰੀ

ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਖੇ ਹੋਈ ਇੱਕ ਖੋਜ ਰਾਹੀਂ ਉੱਤਰ ਭਾਰਤੀ ਪੇਂਡੂ ਸਮਾਜ ਵਿੱਚ ਆਈਆਂ ਤਬਦੀਲੀਆਂ ਬਾਰੇ ਅਧਿਐਨ ਕੀਤਾ ਗਿਆ ਹੈ। ਨਿਗਰਾਨ ਡਾ. ਸੁਸ਼ੀਲ ਕੁਮਾਰ ਦੀ ਅਗਵਾਈ ਵਿੱਚ ਖੋਜਾਰਥੀ ਡਾ. ਗੁਰਪ੍ਰੀਤ ਸਿੰਘ ਵੱਲੋਂ ਕੀਤੇ ਇਸ ਅਧਿਐਨ ਵਿੱਚ ਪੰਜਾਬੀ ਅਤੇ ਹਿੰਦੀ ਸਾਹਿਤ ਦੇ ਪੰਜ ਮਹੱਤਵਪੂਰਨ ਨਾਵਲਾਂ ਨੂੰ ਆਧਾਰ ਬਣਾਉਂਦਿਆਂ ਇਨ੍ਹਾਂ ਤਬਦੀਲੀਆਂ ਦਾ ਵਿਸਤ੍ਰਿਤ ਅਤੇ ਤੁਲਨਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ। ਖੋਜਾਰਥੀ ਡਾ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 1936 ਤੋਂ 1985 ਦੇ ਦਰਮਿਆਨ ਪ੍ਰਕਾਸ਼ਿਤ ਹੋਏ ਇਨ੍ਹਾਂ ਨਾਵਲਾਂ ਵਿੱਚ ਤਿੰਨ ਪੀੜ੍ਹੀਆਂ ਦੀ ਕਹਾਣੀ ਹੈ। ਇਨ੍ਹਾਂ ਨਾਵਲਾਂ ਵਿੱਚ ਪ੍ਰੇਮਚੰਦ ਵੱਲੋਂ ਲਿਖਤ 'ਗੋਦਾਨ', ਸੰਤ ਸਿੰਘ ਸੇਖੋਂ ਵੱਲੋਂ ਲਿਖਤ 'ਲਹੂ ਮਿੱਟੀ', ਗੁਰਦਿਆਲ ਸਿੰਘ ਵੱਲੋਂ ਲਿਖਤ 'ਮੜ੍ਹੀ ਦਾ ਦੀਵਾ', ਕਰਮਜੀਤ ਸਿੰਘ ਕੁੱਸਾ ਵੱਲੋਂ ਲਿਖਤ 'ਰਹੀ ਬੀਆਬਾਨ' ਅਤੇ ਰਾਮ ਸਰੂਪ ਅਣਖੀ ਵੱਲੋਂ ਲਿਖਤ 'ਕੋਠੇ ਖੜਕ ਸਿੰਘ' ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਹਿਤਕ ਰਚਨਾਵਾਂ ਰਾਹੀਂ ਉੱਤਰ ਭਾਰਤੀ ਪੇਂਡੂ ਸਮਾਜ ਵਿੱਚ ਹਰੀ ਕ੍ਰਾਂਤੀ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਵਿੱਚ ਆਈਆਂ ਵੱਡੇ ਪੱਧਰ ਦੀਆਂ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਤਬਦੀਲੀਆਂ ਬਾਰੇ ਅਧਿਐਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਅਧਿਐਨ ਵਿੱਚ ਜ਼ਮੀਨ ਮਾਲਕੀ ਦੇ ਬਦਲਦੇ ਸੰਬੰਧਾਂ, ਬਸਤੀਵਾਦੀ ਨੀਤੀਆਂ ਦੇ ਪ੍ਰਭਾਵਾਂ, ਮਹਾਜਨੀ ਅਤੇ ਸ਼ੋਸ਼ਣ, ਰਵਾਇਤੀ ਪਰਿਵਾਰਕ ਢਾਂਚੇ ਅਤੇ ਲਿੰਗਕ ਭੂਮਿਕਾਵਾਂ ਵਿੱਚ ਆਈਆਂ ਤਬਦੀਲੀਆਂ, ਮਸ਼ੀਨੀਕਰਨ ਦੇ ਪ੍ਰਭਾਵ ਵਾਲੀ ਖੇਤੀਬਾੜੀ ਦੇ ਸਮਾਜਿਕ ਪ੍ਰਭਾਵਾਂ ਅਤੇ ਸਿੱਖਿਆ ਅਤੇ ਵਿਚਾਰਧਾਰਕ ਤਬਦੀਲੀਆਂ ਰਾਹੀਂ ਨਵੀਂ ਸਮਾਜਿਕ ਚੇਤਨਾ ਦੇ ਉਭਾਰ ਵਰਗੇ ਮੁੱਦਿਆਂ ਦੀ ਜਾਂਚ ਕੀਤੀ ਗਈ ਹੈ। ਖੋਜ ਵਿਧੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਮੁੱਖ ਤੌਰ 'ਤੇ ਮਾਰਕਸਵਾਦੀ ਅਤੇ ਪੋਸਟ-ਮਾਰਕਸਵਾਦੀ ਸਿਧਾਂਤਕ ਢਾਂਚੇ ਨੂੰ ਅਪਣਾਉਂਦਿਆਂ ਇਹ ਖੋਜ ਕੀਤੀ ਗਈ ਹੈ, ਜਿਸ ਵਿੱਚ ਸੰਸਾਰ ਪ੍ਰਸਿੱਧ ਚਿੰਤਕ ਅੰਤੋਨੀਓ ਗ੍ਰਾਮਸ਼ੀ, ਟੈਰੀ ਈਗਲਟਨ, ਮੈਕਸ ਵੈਬਰ, ਲੂਈ ਅਲਥੂਸਰ ਅਤੇ ਰੇਮੰਡ ਵਿਲੀਅਮਜ਼ ਵਰਗੇ ਵਿਚਾਰਕਾਂ ਦੇ ਹਵਾਲੇ ਨਾਲ ਅਧਿਐਨ ਕੀਤਾ ਗਿਆ ਹੈ। ਨਿਗਰਾਨ ਡਾ. ਸੁਸ਼ੀਲ ਕੁਮਾਰ ਨੇ ਦੱਸਿਆ ਕਿ ਅਧਿਐਨ ਦਰਸਾਉਂਦਾ ਹੈ ਕਿ ਨਿਮਨ ਕਿਸਾਨੀ ਲਈ ਖੇਤੀ ਸੰਕਟ ਅਜੇ ਵੀ ਜਾਰੀ ਹੈ, ਜੋ ਬਸਤੀਵਾਦੀ ਨੀਤੀਆਂ, ਹਰੀ ਕ੍ਰਾਂਤੀ, ਮਸ਼ੀਨੀਕਰਨ ਅਤੇ ਬਾਜ਼ਾਰੀ ਦਬਾਵਾਂ ਨਾਲ ਗਹਿਰੇ ਪੱਧਰ ਉੱਤੇ ਜੁੜਿਆ ਹੋਇਆ ਹੈ। ਰਵਾਇਤੀ ਮੁੱਲਾਂ ਦਾ ਨੁਕਸਾਨ, ਰਿਸ਼ਤਿਆਂ ਦੀ ਵਸਤੂਕਰਨ ਅਤੇ ਸਮਾਜਿਕ-ਆਰਥਿਕ ਵਿੱਥਾਂ ਵਿੱਚ ਵਾਧਾ ਵੀ ਇਸ ਅਧਿਐਨ ਦੀ ਚਰਚਾ ਦਾ ਹਿੱਸਾ ਹਨ। ਉਨ੍ਹਾਂ ਦੱਸਿਆ ਕਿ ਨਿਰਾਸ਼ਾ ਦੇ ਬਾਵਜੂਦ, ਕੁਝ ਨਾਵਲਾਂ ਵਿੱਚ ਨੌਜਵਾਨ ਪੀੜ੍ਹੀ ਵੱਲੋਂ ਰਵਾਇਤੀ ਨਿਯਮਾਂ ਨੂੰ ਚੁਣੌਤੀ ਦੇਣ ਦੀਆਂ ਆਸ ਦੀਆਂ ਕਿਰਨਾਂ ਵਿਖਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਅਧਿਐਨ ਦਰਸਾਉਂਦਾ ਹੈ ਕਿ ਸਾਹਿਤ ਕਿਸ ਤਰ੍ਹਾਂ ਖੇਤੀਬਾੜੀ ਰੂਪਾਂਤਰਣ ਦੀਆਂ ਗੁੰਝਲਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਦਸਤਾਵੇਜ਼ੀਕਰਨ ਕਰਨ ਦਾ ਮਹੱਤਵਪੂਰਨ ਮਾਧਿਅਮ ਬਣਦਾ ਹੈ। ਉਨ੍ਹਾਂ ਦੱਸਿਆ ਕਿ ਇਸ ਅਧਿਐਨ ਦੀ ਮੁੱਖ ਖਾਸੀਅਤ ਇਸ ਦੇ ਤੁਲਨਾਤਮਕ ਨਜ਼ਰੀਏ ਦਾ ਹੋਣਾ ਹੈ, ਜੋ ਪਹਿਲਾਂ ਹੋਏ ਇਸ ਖੇਤਰ ਦੇ ਹੋਰ ਅਧਿਐਨਾਂ ਵਿੱਚ ਰਹੇ ਖੱਪਿਆਂ ਨੂੰ ਪੂਰਦਾ ਹੈ। ਉਨ੍ਹਾਂ ਦੱਸਿਆ ਕਿ ਹਰੀ ਕ੍ਰਾਂਤੀ ਤੋਂ ਪਹਿਲਾਂ ਅਤੇ ਬਾਅਦ ਦੇ ਵਿਸ਼ੇ ਨੂੰ ਸਮਰਪਿਤ ਵੱਖਰੇ ਅਧਿਆਇ ਇਸ ਅਧਿਐਨ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ।

## ਸ੍ਰੀ ਮੁਕਤਸਰ ਸਾਹਿਬ ਵਿਖੇ ਮੇਲਾ ਮਾਘੀ ਮੌਕੇ ਘੋੜਾ ਮੰਡੀ ਵਿੱਚ ਪੁੱਜੇ ਹੋਰ ਸੂਬਿਆਂ ਦੇ ਵਪਾਰੀ

# ਨੁਕਰੇ ਅਤੇ ਮਾਰਵਾੜੀ ਘੋੜਿਆਂ ਦੀ ਸਰਦਾਰੀ ਕਾਇਮ





ਫਿਰੋਜ਼ਾਬਾਦ ਤੋਂ ਨੁੱਕਰਾ ਘੋੜੀ ਨਾਲ ਕਮਲੇਸ਼ ਯਾਦਵ।



ਭਾਰਤ ਦੇ ਸਭ ਤੋਂ ਉੱਚੇ ਮਾਰਵਾੜੀ ਘੋੜੇ 'ਡੇਵਿਡ' ਨੂੰ ਦੇਖਦੇ ਲੋਕ।

ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਲੀ ਮੁਕਤਿਆਂ ਦੀ ਸ਼ਹਾਦਤ ਦੇ ਸੰਬੰਧ ਵਿੱਚ ਮਾਘੀ ਮੇਲੇ ਮੌਕੇ ਮੁਕਤਸਰ ਦੇ ਲੰਬੀ ਢਾਬ ਵਿੱਚ ਲਗਾਈ ਗਈ ਪਸ਼ੂ ਮੰਡੀ ਵਿੱਚ ਕਰੋੜਾਂ ਰੁਪਏ ਦੇ ਘੋੜੇ ਲਿਆਂਦੇ ਗਏ ਹਨ । ਇਸ ਮੰਡੀ ਵਿੱਚ ਉੱਤਰ ਪ੍ਰਦੇਸ਼ ਦੇ ਸ਼ਹਿਰ ਫਿਰੋਜ਼ਾਬਾਦ ਤੋਂ ਆਏ ਕਮਲੇਸ਼ ਕੁਮਾਰ ਯਾਦਵ ਨੇ ਦੱਸਿਆ ਕਿ ਉਹ 7 ਘੋੜੇ ਵੇਚਣ ਲਈ ਲਿਆਇਆ ਹੈ ਅਤੇ ਉਸ ਨੂੰ ਜੇ ਕੋਈ ਚੰਗਾ ਜਾਨਵਰ ਮਿਲਿਆ ਤਾਂ ਉਹ ਖਰੀਦ ਵੀ ਲਵੇਗਾ । ਉਸ ਦੀ ਨੁੱਕਰਾ ਘੋੜੀ, ਜੋ ਦੋ ਸਾਲ ਦੀ ਹੈ, ਦਾ ਮੁੱਲ 31 ਲੱਖ ਰੁਪਏ ਹੈ । ਇਹ ਇਸੇ ਮੇਲੇ ਤੋਂ ਖਰੀਦ ਕੀਤੀ ਸੀ । ਕਈ ਵਪਾਰੀ ਘੋੜੀ ਵੇਖ ਚੁੱਕੇ ਹਨ । ਇਸ ਘੋੜੀ ਨੂੰ ਖਰੀਦਣ ਦੇ ਚਾਹਵਾਨ ਰੁਪਿੰਦਰ ਸਿੰਘ ਨੇ ਦੱਸਿਆ ਕਿ ਨੁੱਕਰਾ ਘੋੜੇ ਦਾ ਮੁੱਲ ਉਸ ਦੇ ਕੱਦ, ਖੜ੍ਹੇ ਤੇ ਉਪਰੋਂ ਜੁੜੇ ਕੰਨਾਂ, ਚਿੱਟੇ ਰੰਗ, ਖ਼ੂਬਸੂਰਤ ਚਿਹਰੇ ਤੇ ਸੋਹਣੀ ਚਾਲ ਤੋਂ ਲੱਗਦਾ ਹੈ । ਇਸੇ ਤਰ੍ਹਾਂ ਬੁਲੰਦ ਸ਼ਹਿਰ, ਮੁੰਬਈ, ਜੈਪੁਰ, ਦਿੱਲੀ ਅਤੇ ਮੁਹਾਲੀ ਦੇ ਵਪਾਰੀ ਵੀ ਮੰਡੀ ਵਿੱਚ ਪੁੱਜੇ ਹੋਏ ਹਨ । ਬਹੁਤੇ ਵਪਾਰੀ ਨੁੱਕਰੇ ਘੋੜੇ ਦੇ ਖਰੀਦਦਾਰ ਹਨ । ਜੈਕੀ ਨਾਮ ਦੇ ਵਪਾਰੀ ਨੇ ਦੱਸਿਆ ਕਿ ਦਿੱਲੀ ਵਿੱਚ ਨੁੱਕਰਾ ਘੋੜਾ ਵਿਆਹ ਸ਼ਾਦੀਆਂ ਵਾਸਤੇ ਬਹੁਤ ਪਸੰਦ ਕੀਤਾ ਜਾਂਦਾ ਹੈ । ਮੁੰਬਈ ਵਿੱਚ ਮਾਰਵਾੜੀ ਘੋੜੇ ਦੀ ਫਿਲਮਾਂ ਵਾਸਤੇ ਬਹੁਤ ਮੰਗ ਹੈ । ਪਿੰਡ ਬਾਦਲ, ਪਟਿਆਲਾ, ਮੁਹਾਲੀ, ਲੁਧਿਆਣਾ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਤੋਂ ਸਟੱਡ ਫਾਰਮਾਂ ਵਾਲੇ ਆਪਣੇ ਘੋੜੇ ਪ੍ਰਦਰਸ਼ਨੀਆਂ ਵਾਸਤੇ ਲੈ ਕੇ ਆਏ ਹਨ ।

ਨੁਕਰੇ ਅਤੇ ਮਾਰਵਾੜੀ ਘੋੜਿਆਂ ਦੀ ਸਰਦਾਰੀ ਕਾਇਮ ਹੈ । ਇਸ ਮੰਡੀ ਵਿੱਚ ਪ੍ਰਦਰਸ਼ਨੀ ਵਾਸਤੇ ਮੁਹਾਲੀ ਤੋਂ ਪੁੱਜਿਆ ਮਾਰਵਾੜੀ ਘੋੜਾ ਡੇਵਿਡ ਕਾਫੀ ਖਿੱਚ ਦਾ ਕੇਂਦਰ ਬਣਿਆ । ਘੋੜਾ ਪਾਲਕ ਗੋਵਿੰਦ ਸਿੰਘ ਨੇ ਦਾਅਵਾ ਕੀਤਾ ਕਿ ਡੇਵਿਡ ਭਾਰਤ ਦਾ ਸਭ ਤੋਂ ਉੱਚਾ 72 ਇੰਚ ਦਾ ਮਾਰਵਾੜੀ ਘੋੜਾ ਹੈ । ਇਸ ਦੀ ਉਮਰ ਅਜੇ ਸਾਢੇ ਚਾਰ ਸਾਲ ਹੈ । ਉਨ੍ਹਾਂ ਦੱਸਿਆ ਕਿ ਡੇਵਿਡ ਦਾ ਪਿਤਾ ਪੰਜਾਬ ਦਾ ਮਸ਼ਹੂਰ ਘੋੜਾ ਦਿਲਬਾਗ ਰਨੀਆ ਹੈ ਅਤੇ ਇਸ ਦੀ ਮਾਂ ਸੁਖਬੀਰ ਬਾਦਲ ਦੇ ਘੋੜੇ ਰਾਜਹੰਸ ਦੀ ਬੇਟੀ ਹੈ ।

ਇਸੇ ਮੰਡੀ ਵਿੱਚ ਬਾਦਲ ਪਰਿਵਾਰ ਦੇ ਸਟੱਡ ਫਾਰਮ ਦਾ 72 ਇੰਚੀ ਨੁੱਕਰਾ ਘੋੜਾ ਵੀ ਖਿੱਚ ਦਾ ਕੇਂਦਰ ਹੈ ।

ਰਾਜਸਥਾਨ ਦੇ ਜਲੌਰ ਜ਼ਿਲ੍ਹੇ ਤੋਂ ਲਿਆਂਦਾ ਗਿਆ ਦੋ ਕਰੋੜ ਰੁਪਏ ਦਾ ਸ਼ਿਵਰਾਜ ਨਾਂ ਦਾ 68 ਇੰਚ ਉੱਚਾ ਮਾਰਵਾੜੀ ਨਸਲ ਦਾ ਘੋੜਾ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ । ਲਗਭਗ 10 ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸਟੱਡ ਫਾਰਮ ਤੋਂ ਖਰੀਦਿਆ ਗਿਆ ਘੋੜਾ ਮਹਾਰਾਜਾ ਵੀ ਪ੍ਰਦਰਸ਼ਨੀ ਲਈ ਲਿਆਂਦਾ ਗਿਆ ਹੈ । ਕੁੱਲ ਮਿਲਾ ਕੇ ਲਗਭਗ 100 ਕਰੋੜ ਰੁਪਏ ਦੇ ਘੋੜੇ ਵਿਕਰੀ ਅਤੇ ਪ੍ਰਦਰਸ਼ਨੀ ਲਈ ਮੰਡੀ ਵਿੱਚ ਲਿਆਂਦੇ ਗਏ ਹਨ ।

ਰਾਜਸਥਾਨ ਦੇ ਜਲੌਰ ਜ਼ਿਲ੍ਹੇ ਦੇ ਰੇਵਾੜਾ ਪਿੰਡ ਤੋਂ ਪਸ਼ੂ ਮੰਡੀ ਵਿੱਚ ਆਏ ਨਾਰਾਇਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਮਾਰਵਾੜੀ ਨਸਲ ਦੇ ਘੋੜੇ ਸ਼ਿਵਰਾਜ ਦੀ ਕੀਮਤ ਦੋ ਕਰੋੜ ਰੁਪਏ ਹੈ । ਉਨ੍ਹਾਂ ਦਾ ਘੋੜਾ 68 ਇੰਚ ਉੱਚਾ ਅਤੇ ਪੰਜ ਸਾਲ ਪੁਰਾਣਾ ਹੈ । ਉਨ੍ਹਾਂ ਦਾ ਇਹ ਘੋੜਾ 2021 ਵਿੱਚ ਰਾਜਸਥਾਨ ਵਿੱਚ ਹੋਏ ਪ੍ਰਦਰਸ਼ਨੀ ਮੁਕਾਬਲੇ ਵਿੱਚ ਜੇਤੂ ਰਿਹਾ ਸੀ । ਰਾਜਸਥਾਨ ਦੇ ਹਨੂੰਮਾਨਗੜ੍ਹ ਦੇ ਸੂਰੇਵਾਲਾ ਸਟੱਡ ਫਾਰਮ ਦੇ ਹਰਦੇਵ ਸਿੰਘ ਨੇ ਕਿਹਾ ਕਿ ਉਹ ਪਸ਼ੂ ਮੰਡੀ ਵਿੱਚ ਦੋ ਘੋੜੇ ਅਤੇ ਦੋ ਬੱਚੇ ਲੈ ਕੇ ਆਏ ਸਨ । ਉਨ੍ਹਾਂ ਦੇ ਘੋੜਿਆਂ ਦੇ ਨਾਂ ਬੁਲੇਟ ਅਤੇ ਮਹਾਰਾਜਾ ਹਨ । ਬੁਲੇਟ 67 ਇੰਚ ਉੱਚਾ ਹੈ, ਜਦੋਂਕਿ ਮਹਾਰਾਜਾ 64 ਇੰਚ ਉੱਚਾ ਹੈ । ਹਰੇਕ ਘੋੜੇ ਦੀ ਕੀਮਤ ਲਗਭਗ 40 ਤੋਂ 50 ਲੱਖ ਰੁਪਏ ਹੈ । ਭਾਈ ਡੱਲ ਸਿੰਘ ਸਟੱਡ ਫਾਰਮ, ਤਲਵੰਡੀ ਸਾਬੋ ਦੇ ਸਰਬਜੀਤ ਸਿੰਘ ਨੇ ਕਿਹਾ ਕਿ ਉਹ ਆਪਣੇ 69 ਇੰਚ ਉੱਚੇ ਘੋੜੇ 'ਬਾਜ਼' ਨਾਲ ਪਸ਼ੂ ਮੰਡੀ ਆਇਆ ਸੀ । ਭਾਗਸਰ ਪਿੰਡ (ਮੁਕਤਸਰ) ਦੇ ਸੁਲਤਾਨ ਸਟੱਡ ਫਾਰਮ ਦੇ ਰਹਿਣ ਵਾਲੇ ਗੋਪੀ ਨੇ ਕਿਹਾ ਕਿ ਉਸ ਦਾ ਘੋੜਾ 'ਸੁਲਤਾਨ' 69 ਇੰਚ ਲੰਬਾ ਹੈ । ਵਾਂਦਰ ਜਟਾਣਾ ਦੇ ਗੋਸ਼ਾ ਬਰਾੜ ਕੋਲ ਇੱਕ ਘੋੜਾ 'ਆਸਕਰ' ਹੈ, ਜੋ ਕਿ 66 ਇੰਚ ਲੰਬਾ ਹੈ ।

ਖੇਤੀ ਦੇ ਨਾਲ ਪਸ਼ੂ-ਪਾਲਣ ਦੇ ਧੰਦੇ ਵਿੱਚ ਸ਼ਾਮਲ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਨੂੰ ਪਸ਼ੂ-ਪਾਲਣ ਦੇ ਧੰਦੇ ਨੂੰ ਉਤਸ਼ਾਹਿਤ ਕਰਨ ਵਾਸਤੇ ਯਤਨ ਕਰਨੇ ਚਾਹੀਦੇ ਹਨ । ਘੋੜੇ ਪਾਲਣ 'ਤੇ ਬਹੁਤ ਖਰਚਾ ਆਉਂਦਾ ਹੈ । ਮੈਡੀਕਲ ਬਹੁਤ ਮਹਿੰਗਾ ਹੈ । ਇਲਾਜ ਕਰਵਾਉਣ ਲਈ ਦੂਰ ਜਾਣਾ ਪੈਂਦਾ ਹੈ । ਸਰਕਾਰ ਮੈਡੀਕਲ ਦਾ ਪ੍ਰਬੰਧ ਕਰੇ ਅਤੇ ਨਾਲ ਹੀ ਪੰਜਾਬ ਵਿੱਚ ਰੇਸ ਕੋਰਸ ਬਣਾਵੇ ਤਾਂ ਜੋ ਨਵੀਂ ਪੀੜ੍ਹੀ ਇਸ ਧੰਦੇ ਨਾਲ ਜੁੜ ਸਕੇ । ਮੰਡੀ ਦੇ ਪ੍ਰਬੰਧਕ ਕਰਮਚਾਰੀ ਸਰਬਜੀਤ ਸਿੰਘ ਨੇ ਦੱਸਿਆ ਕਿ ਜਾਨਵਰ ਦੇ ਦਾਖਲੇ ਅਤੇ ਸੌਦਾ ਹੋਣ ਵੇਲੇ ਪੂਰੇ ਵੇਰਵੇ ਦਰਜ ਕੀਤੇ ਜਾਂਦੇ ਹਨ । ਮੰਡੀ ਵਿੱਚ ਘੋੜਿਆਂ ਦੇ ਨਾਲ ਕੁੱਤੇ, ਬਿੱਲੀਆਂ, ਮੁਰਗੇ ਅਤੇ ਹੋਰ ਜਾਨਵਰ ਵੀ ਮੰਡੀ ਵਿੱਚ ਪੁੱਜੇ ਸਨ ।

ਖੇਤੀ ਦੁਨੀਆਂ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ
ਸਿਰਫ 100/- ਰੁਪਏ

ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

## ਬਾਹੂਬਲੀ ਮੂਲੀ





ਬੀਕਾਨੇਰ : ਆਪਣੇ ਖੇਤ ਵਿੱਚ ਉਗਾਈ 9 ਕਿਲੋ ਤੋਂ ਵੱਧ ਭਾਰ ਵਾਲੀ ਅਤੇ ਲਗਭਗ 26 ਇੰਚ ਲੰਮੀ ਮੂਲੀ ਵਿਖਾਉਂਦੇ ਕਿਸਾਨ ਮੁਨੀਰ ਅਤੇ ਸੁਨੀਲਮ ।